ਅਕਤੂਬਰ 2001

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਪੰਡਤ ਵਿਸ਼ਨੂੰ ਨਾਰਾਇਨ ਭਾਤਖੰਡੇ ਜੀ ਦੀ ਰਚੀ ਪੁਸਤਕ
ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।

# ਹਿੰਦੁਸਤਾਨੀ ਸੰਗੀਤ ਪਧੱਤੀ

ਕ੍ਰਮਿਕ ਪੁਸਤਕ-ਮਾਲਿਕਾ (ਪਹਿਲੀ ਪੁਸਤਕ)

ਕੀਮਤ: 30 ਰੁਪਏ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ: 0172-701396, 713915
e-mail: drjagirsingh@rediffmail.com

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 10 • ਸਾਲ ਤੇਰ੍ਹਵਾਂ • ਅਕਤੂਬਰ 2001



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਨ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | ਪਾਠਕਾਂ ਦੇ ਪੱਤਰ |
| ਕਰਉ ਬੇਨੰਤੀਆ | 3 | ਸੰਪਾਦਕੀ |
| ਧੁਰ ਕੀ ਬਾਣੀ ਦੇ ਦੋ ਸ਼ਬਦਾਂ ਵਿੱਚ... | 5 | ਭਗਵੰਤ ਸਿੰਘ ਦਿਲਾਵਰੀ |
| ਸੁਖ ਸਹਜ ਆਨੰਦ ਲਹਹੁ... | 8 | ਰਮੇਸ਼ ਸਿੰਘ |
| ਪ੍ਰਭੂ ਨਾਮ ਤੇ ਉਹਦੀ ਪਰਿਭਾਸ਼ਾ | 15 | ਸੋਹਣ ਸਿੰਘ |
| ਗੁਰ ਬਿਨੁ ਗਿਆਨੁ ਨ ਹੋਇ | 20 | ਸਤਨਾਮ ਕੌਰ |
| ਮਨ ਘੜਤ ਧਾਰਨਾ ਨਾਲ ਗੁਰਬਾਣੀ ਦਾ ਕੀਰਤਨ | 21 | ਗੁਰਮੁਖ ਸਿੰਘ |
| ਸ਼੍ਰੋਮਣੀ ਰਾਗੀ ਪ੍ਰੋਫੈਸਰ ਚੰਨਣ ਸਿੰਘ 'ਮਜਬੂਰ' | 23 | ਡਾ. ਗੁਰਮੀਤ ਸਿੰਘ ਬੈਦਵਾਣ |
| ਚੋਣਾਂ ਵਿੱਚ ਨਸ਼ਿਆਂ ਦੀ ਵਰਤੋਂ ਕਿਵੇਂ ਰੋਕੀਏ? | 25 | ਪ੍ਰੋ. ਸਰਬਜੀਤ ਸਿੰਘ |
| ਪੁਸਤਕ ਸਮੀਖਿਆ | 27 | ਗੁਰਜੰਟ ਸਿੰਘ ਰਾਹੀ |
| दीपक और प्रकाश | 30 | डा. जागीर सिंह |
| Tying the divine knot | 31 | Vidya Shivadas |
| ਸੁਰ ਲਿਪੀਆਂ | 33 | ਗੁਪਤ ਦਾਨ |
| ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ | 36 | ਮਨਮੋਹਨ ਸਿੰਘ |


**ਕਵਰ ਚਿਤਰ : 'ਸਚ ਖੰਡ ਪਤਰ' ਤੋਂ ਧੰਨਵਾਦ ਸਹਿਤ**


• ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



• 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

• Donations are eligible for relief u/s 80 G of Income-Tax Act, 1961 vide CIT/ CHD/ 80-G/78/Tech. dated 30/7/1999 valid upto 31/3/2001

ਚੰਦੇ ਦਾ ਵੇਰਵਾ :

• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ

• ਵਿਦੇਸ਼: ਸਲਾਨਾ 30 $. ਜੀਵਨ ਮੈਂਬਰ (15 ਸਾਲ) 300 $

• 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

e-mail: drjagirsingh@rediffmail.com

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ 0172-772660



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ ਸੀ ਐਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ ਸਤੰਬਰ ਦਾ ਅੰਕ ਬੇਹੱਦ ਪਸੰਦ ਆਇਆ। ਰੁਕੀਏ, ਸੋਚੀਏ ਫਿਰ ਚਲੀਏ, ਲੋੜੇ ਦਾਖ ਬਿਜਉਰੀਆ, ਰਾਗ ਤੇ ਰਾਗੀ ਲੇਖ ਸੇਧ ਦੇਣ ਵਾਲੇ ਸਨ। ਭਾਈ ਗੁਰਮੁਖ ਸਿੰਘ ਬਾਰੇ ਲੇਖ ਪ੍ਰੇਰਨਾਦਾਇਕ ਸੀ।

– *ਮੰਗਤ ਸਿੰਘ ਮਸਤਾਨਾ*, c/o ਅਸ਼ੋਕ ਰਿਫਰੈਸ਼ਮੈਂਟ. ਮੰਡੀ ਹਰਜੀ ਰਾਮ, ਮਲੋਟ

★ ਮੈਨੂੰ ਆਪ ਜੀ ਦੀਆਂ ਭੇਜੀਆਂ ਹੋਈਆਂ ਪੁਸਤਕਾਂ ਮਿਲੀਆਂ। ਮਨ ਬਹੁਤ ਹੀ ਖੁਸ਼ ਹੋਇਆ ਮੇਰੇ ਦਿਲ ਚ ਇੱਕ ਚਾਹ ਸੀ। ਪੰਡਤ ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਦੀ ਪੁਸਤਕ ਵੇਖੀ ਉਹਨਾਂ ਦਾ ਮੈਂ ਬਹੁਤ ਹੀ ਨਾਮ ਸੁਣਿਆ ਸੀ। ਉਹ ਮੈਨੂੰ ਮਿਲ ਗਈ ਜੋ ਮੈਂ ਦਸ ਰਾਗਾਂ ਦੀਆਂ ਸਰਗਮਾਂ ਦਾ ਅਭਿਆਸ ਕਰ ਸਕਾਂਗਾ ਜੀ। ਮੈਨੂੰ ਅਨਮੋਲ ਚੀਜ਼ ਮਿਲੀ ਵੇਖ ਕੇ ਅੱਖਰ ਅੱਖਰ ਤੇ ਜਿਵੇਂ ਪਲਕਾਂ ਖੜਦੀਆਂ ਹੀ ਨਹੀਂ ਸਨ। ਖੁਸ਼ੀ ਰੋਕੇ ਵੀ ਨਹੀਂ ਰੁਕਦੀ ਸੀ ਮੈਂ ਯਮਨ ਰਾਗ ਦਾ ਭਜਨ ਸਦਾਸਿਵ 'ਭਜ ਮਨਾ ਨਿਸਦਿਨ' ਘਰ ਆ ਕੇ ਹਰਮੋਨੀਅਮ ਤੇ ਉਸੇ ਵੇਲੇ ਹੀ ਕੱਢ ਲਿਆ।

– *ਸਤਵਿੰਦਰ ਸਿੰਘ*, Elect. Deptt. H.C.L. P.O. Malanj Khand, Distt. Balaghat 481116 (M.P.)

1. 'ਅੰਮ੍ਰਿਤ ਕੀਰਤਨ' ਦੇ ਪਾਠਕਾਂ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਰਹਿ ਰਹੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੇ E-Mail Address ਅੰਮ੍ਰਿਤ ਕੀਰਤਨ ਦੇ E-Mail Address drjagirsingh@rediffmail.com ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਸੰਪਰਕ ਹੋਰ ਸੁਚੱਜੇ ਢੰਗ ਨਾਲ ਹੋ ਸਕੇ।
2. ਚਿੱਠੀ ਪੱਤਰ ਕਰਨ ਵੇਲੇ ਆਪਣਾ Subscriber No. ਜ਼ਰੂਰ ਲਿਖਣ ਦੀ ਖੇਚਲ ਕਰਨਾ।

**ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ 160 015**




*Dear Associate, Donor, Wellwisher*

*Congratulations !*

**MORNI HILLS (DISTT. PANCHKULA) IS CATARACT FREE ZONE**

Thanks to the Almighty, Our Associates, Donors & Well Wishers for the kindness which ensured Morni Hills (Distt. Panchkula). Cataract Free Zone before target date 31.03.2001

**ABOVE COULD BE ACHIEVED DUE TO YOUR GUIDANCE & CONTINUED SUPPORT.**

Thanks
Please Keep it up

K.S. CHUGH   H.B. SINGH CHOPRA   D.S. ARORA   JASBEER K. GHUGH

*Let us be in the service of Humanity*

- Donate Eyes
- Donate Blood
- De-Addiction
- Aids Awareness
- Help Sick
- Help Aged
- Vocational Training
- Promote Education
- Help Handicapped
- Women Upliftment

HELP NEEDY

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

# ਕਰਉ ਬੇਨੰਤੀਆ

## ਦਿਲਹੁ ਮੁਹਬਤਿ ਜਿੰਨ

ਕਹਿੰਦੇ ਨੇ ਕਿ ਮਨੁੱਖ ਆਦਿ ਕਾਲ ਤੋਂ ਹੀ ਪਿਆਰ ਦਾ ਭੁੱਖਾ ਹੈ। ਪਰ ਫਿਰ ਵੀ ਇਹ ਮਨੁੱਖ ਹੀ ਹੈ ਜਿਹੜਾ ਦੂਜੇ ਮਨੁੱਖ ਨੂੰ ਨਫਰਤ ਕਰਦਾ ਹੈ। ਮਨੁੱਖ ਅਤੇ ਮਨੁੱਖ ਵਿਚਕਾਰ ਨਫ਼ਰਤ ਦਾ ਨਤੀਜਾ ਹੈ ਕਿ ਅੱਜ ਅਸੀਂ ਬਾਰੂਦ ਦੇ ਢੇਰ ਤੇ ਬੈਠੇ ਹਾਂ। ਕੋਈ ਪਤਾ ਨਹੀਂ ਕਿਹੜੇ ਵੇਲੇ ਕਿਸੇ ਜਨੂੰਨੀ ਨੇ ਪਲੀਤੇ ਨੂੰ ਅੱਗ ਲਾ ਦੇਣੀ ਹੈ। ਅਜਿਹੇ ਸਮੇਂ ਬਾਬਾ ਫਰੀਦ ਦੀ ਗਹਿਰ ਗੰਭੀਰ ਬਾਣੀ ਸਾਨੂੰ ਮੁਹਬਤ, ਇਸ਼ਕ, ਪਿਆਰ, ਨੇਹੁ ਤੇ ਪ੍ਰੀਤਿ ਦਾ ਸੰਦੇਸ਼ ਦਿੰਦੀ ਹੈ। ਫਰੀਦ ਜੀ ਲਈ ਮੁਹੱਬਤ ਬੜਾ ਅਹਿਮ ਮਸਲਾ ਸੀ:

*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ।*

ਪਰ ਨਾਲ ਹੀ ਉਹਨਾਂ ਨੂੰ ਵਿਖਾਵੇ ਵਾਲੀ ਮੁਹਬਤ ਦਾ ਵੀ ਪਤਾ ਸੀ ਇਸ ਲਈ ਅਗਲੀ ਤੁਕ ਵਿੱਚ ਹੀ ਸੁਚੇਤ ਕਰ ਦਿੰਦੇ ਹਨ;

*ਜਿਨ ਮਨਿ ਹੋਰੁ ਮੁਖਿ ਹੋਰ ਸਿ ਕਾਢੇ ਕਚਿਆ।*

ਉਹਨਾਂ ਲਈ 'ਦਰਵੇਸ਼ੀ' ਅਤੇ 'ਚੋਪੜੀ ਪ੍ਰੀਤਿ' ਇੱਕ ਥਾਂ ਰਹਿਣ ਵਾਲੇ ਭਾਵ ਨਹੀਂ ਸਨ ਇਸੇ ਲਈ ਉਹਨਾਂ ਆਖਿਆ:

*ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤ।*  
*ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ।*

ਜੇ ਮਨੁੱਖ ਕਿਸੇ ਕੋਲੋਂ ਨਿੱਜੀ ਫਾਇਦਾ ਵੀ ਲੈਣਾ ਚਾਹੇ ਤੇ ਇਹ ਵੀ ਆਖੇ ਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ ਤਾਂ ਫਰੀਦ ਜੀ ਇਸ ਨੂੰ ਵੀ ਝੂਠਾ ਅਤੇ ਥੋੜ ਚਿਰਾ ਪ੍ਰੇਮ ਆਖਦੇ ਹਨ:

*ਫਰੀਦਾ ਜ ਲਬ ਤ ਨੇਹ ਕਿਆ ਲਬੁ ਤ ਕੂੜਾ ਨੇਹੁ।*  
*ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।*

ਫਰੀਦ ਜੀ ਆਪਣੀ ਨਿੱਜੀ ਹੋਂਦ ਬਚਾਉਣ ਦੀ ਬਜਾਇ ਸ਼ਹੁ ਦੀ ਪ੍ਰੀਤ ਨੂੰ ਤਰਜੀਹ ਦਿੰਦੇ ਹਨ। ਉਹਨਾਂ ਨੂੰ ਪਤਾ ਹੈ ਇਹ ਹੋਂਦ, ਇਹ ਸੁਹਪਣ ਪ੍ਰੀਤ ਤੋਂ ਬਿਨਾ ਕਿਸੇ ਕੰਮ ਦਾ ਨਹੀਂ:

*ਜੋਬਨ ਜਾਂਦੇ ਨ ਡਰਾਂ ਜੇ ਸਹ ਪ੍ਰੀਤਿ ਨ ਜਾਇ।*  
*ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨ ਸੁਕਿ ਗਏ ਕੁਮਲਾਇ।*

ਉਹ ਥਾਂ ਜਿੱਥੇ ਫਰੀਦ ਜੀ ਵਿਚਰੇ, ਜਿੱਥੇ ਉਹਨਾਂ ਦੀ ਬਾਣੀ ਗੂੰਜੀ, ਉਸ ਨੂੰ ਨਫਰਤੀ ਅੱਗ ਤੋਂ ਬਚਾਉਣ ਲਈ ਜਤਨ ਕਰਨਾ ਚਾਹੀਦਾ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇ ਅਸੀਂ ਆਪਣੀ-ਆਪਣੀ ਕੰਬਲੀ ਨੂੰ ਭਿੱਜਣ ਤੋਂ ਬਚਾਉਣਾ ਛੱਡੀਏ। ਕੰਬਲੀ ਨਾਲੋਂ ਸਹੁ ਦਾ ਮਿਲਾਪ ਕਿਤੇ ਵਧੇਰੇ ਮੁੱਲਵਾਨ ਹੈ:

*ਫਰੀਦਾ ਗਲੀਏ ਚਿਕੜੁ ਦੂਰ ਘਰੁ ਨਾਲ ਪਿਆਰੇ ਨੇਹੁ*  
*ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ।*  
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।*  
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।*

ਆਓ ਜੁੜੋ, ਹੰਬਲਾ ਮਾਰੋ, ਫਰੀਦ ਜੀ ਨਾਲ ਰਲੀਏ, ਉਹਨਾਂ ਨੂੰ ਇਕੱਲੇ ਨ ਰਹਿਣ ਦੇਈਏ। ਉਹਨਾਂ ਦੀ ਪੁਕਾਰ ਸੁਣੀਏ।

*ਵਿਧਣ ਖੂਹੀ ਮੁੰਦ ਅਕੇਲੀ*  
*ਨਾ ਕੋ ਸਾਥੀ ਨ ਕੋ ਬੇਲੀ*

# Objectives of the Amrit Kirtan Trust

1. To provide financial aid to one or more educational, social, welfare institutions, health centres, homes for the poor and the destitute in any part of the Indian Republic or abroad.
2. To help the poor and deserving, regardless of their religion. caste and creed.
3. To award stipends, scholarships or any other form of financial assistance to the needy & deserving, preference being given to the destitute and orphans.
4. To help young men & women in imbibing their rich religious and cultural heritage by promoting and organising Shabad Gayan competitions, essay-writing competitions, Debates, Elocution competitions. etc.
5. To start and maintain institutions of general welfare or educational in nature and to eradicate social evils through publicity, Lectures, display of relevant films and publication of pamphlets.
6. To publish books, magazines and other literature, for children in particular and the public in general, to inculcate in them the finest values of good citizenship and to build up their highmoral character.
7. To establish libraries for the benefit of the public.
8. That the benefits accruing from the objects of the Trust shall not be restricted or confined to members of any particular community caste, creed, religion or faith.
9. To utilise the Trust for advancement of any other object of general public utility.
10. That surplus generated by any activity of the Trust shall be used wholly for one of the objects of the trust as specified above, whether in the year of generation or be accumulated, to be used for charitable purposes in any subsequent year.

**PAGE SPONSORED BY : AHUJA FAMILY**
C-353, Defence Colony New Delhi 110 024

# ਧੁਰ ਕੀ ਬਾਣੀ ਦੇ ਦੋ ਸ਼ਬਦਾਂ ਵਿੱਚ ਵਾਹਿਗੁਰੂ ਤੇ ਗੁਰੂ ਦਾ ਸੋਹਣਾ ਸਰੂਪ


## ਭਗਵੰਤ ਸਿੰਘ ਦਲਾਵਰੀ

ਤਪੋਵਨ, ਅਮਰਾਵਤੀ 444 602 (ਮਹਾਰਾਸ਼ਟਰ)


ਵਾਹਿਗੁਰੂ ਜਾਏ ਸਿੱਖਾਂ ਨੇ ਅੰਮ੍ਰਿਤ ਵੇਲੇ ਦੀ ਦਾਤ ਨੂੰ ਕਿਉਂ ਤਿਆਗ ਦਿੱਤਾ ਹੈ ਤੇ ਹੁਣ ਜਦ ਹਰ ਘਰ ਵਿੱਚ T.V. ਤੇ ਰੇਡੀਓ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਪ੍ਰਭੂ ਆਪਣੀ ਰਹਿਮਤ ਅੰਮ੍ਰਿਤ ਵੇਲੇ ਭੇਜਦੇ ਹਨ, ਅਸੀਂ ਬਦਕਿਸਮਤ ਲੋਕ ਇੱਕ ਪਾਸੇ ਗੁਰੂ ਦੀ ਹੁਕਮ ਅਦੂਲੀ ਕਰਦੇ ਹਾਂ ਅੰਮ੍ਰਿਤ ਵੇਲੇ ਨੂੰ ਉਠ ਕੇ, ਦੂਜੇ ਪਾਸੇ ਆਪਣਾ ਅਤਿਅੰਤ ਨੁਕਸਾਨ ਕਰਦੇ ਹਾਂ।

ਮੇਰਾ ਸੁਭਾਗ ਦੇਖੋ। ਇੱਕੋ ਇੱਕੋ ਸਿੱਖ 1200 ਬੰਦਿਆਂ ਵਿੱਚ ਰਹਿੰਦਿਆਂ ਹੋਇਆਂ ਗੁਰਬਾਣੀ ਦੇ ਸਤਿਸੰਗ ਤੇ ਗੁਰਸਿੱਖਾਂ ਦੇ ਦਰਸ਼ਨਾਂ ਦੀ ਘਾਟ ਲਗਦੀ ਸੀ। 1984 ਤੋਂ ਸਤਿਗੁਰੂ ਨੇ ਆਪ ਰੇਡਿਓ ਜਲੰਧਰ ਰਾਹੀਂ ਹਰਿਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਰਾਹੀਂ ਸਤਿਸੰਗ ਬਖਸ਼ਣਾ ਸ਼ੁਰੂ ਕੀਤਾ। ਹੁਣ ਤਾਂ ਰਹਿਮਤਾਂ ਦੇ ਭੰਡਾਰ ਉਪਜਦੇ ਹਨ 'ਅੰਮ੍ਰਿਤਵੇਲਾ ਵਡਿਆਈ ਵੀਚਾਰ' ਰਾਹੀਂ, ਕਦੇ ਆਸਾ ਦੀ ਵਾਰ ਵਿੱਚੋਂ ਤੇ ਕਦੇ ਸ਼ਬਦ ਵਿੱਚੋਂ ਜਦ ਗੁਰੂ ਦੇ ਹੁਕਮਾਂ ਰਾਹੀਂ ਆਪਣੀ ਖੋਜ ਕਰਨ ਲਗਦਾ ਹਾਂ ਤੇ ਵਾਹਿਗੁਰੂ ਦੀ ਵਡਿਆਈ ਦਾ ਵੀਚਾਰ ਕਰਦਾ ਹਾਂ ਤਾਂ ਹਰ ਰੋਜ਼ ਨਵੇਂ ਤੋਂ ਨਵਾਂ ਸਵਾਦ ਰਸ ਤੇ ਪ੍ਰੇਮ ਉਪਜਦਾ ਹੈ। ਇਤਨਾ ਹੀ ਨਹੀਂ ਸਗੋਂ ਨਵੇਂ ਨਵੇਂ ਸੁਨੇਹੇ, ਨਵੇਂ ਨਵੇਂ ਢੰਗ ਨਾਲ ਮੈਨੂੰ ਆਵਾਜ਼ਾਂ ਮਾਰਦੇ ਹਨ -ਸਿੱਖ ਬਣ ਤੇ ਗੁੰਗੇ ਦੀ ਮਠਿਆਈ ਵਾਲਾ ਰਸ ਮਾਣ।

ਦੋ ਦਿਨ ਪਹਿਲਾਂ ਇੱਕ ਅਨੋਖਾ ਰੰਗ ਪਰਗਟਿਆ। ਮੈਂ ਆਪਣੀ ਮਰਾਠੀ ਬੇਟੀ ਦੇ ਘਰ ਅੰਮ੍ਰਿਤ ਵੇਲੇ ਜਦ ਹਰਿਮੰਦਰ ਸਾਹਿਬ ਪਹੁੰਚਿਆ ਹੋਇਆ ਸੀ ਜਲੰਧਰ ਰੇਡੀਓ ਰਾਹੀਂ ਤਾਂ ਬਿਲਕੁਲ ਇਕੱਲਾ ਸੀ। ਜਦ ਮੇਰੀ ਬੇਟੀ ਵੀ ਆ ਗਈ ਤਾਂ ਮੈਂ ਕਹਿਆ ਬੇਟੇ, ਐਸਾ ਲਗਤਾ ਹੈ ਬੈਕੁੰਠ ਦੀ ਸੈਰ ਕਰ ਰਹਾ ਹੂੰ। ਉਹ ਮੁਸਕਾਈ ਤੇ ਅਸੀਂ ਨਿੱਕੀ ਨਿੱਕੀ ਰੋਸ਼ਨੀ ਵਿੱਚ ਗੁਰੂ ਦੇ ਚਰਨਾਂ ਵਿੱਚ ਬੈਠ ਕੇ ਆਪਣਾ ਆਪ ਅਰਪਨ ਕਰਨ ਲੱਗੇ। ਵੈਸੇ ਤਾਂ ਹਰ ਰੋਜ ਹੀ ਕਿਰਪਾ ਦੀ ਬਾਰਸ਼ ਵਸਦੀ ਹੈ ਪਰ ਉਸ ਦਿਨ ਜਿਵੇਂ ਰਹਿਮਤਾਂ ਦੀ ਆਂਧੀ ਆ ਗਈ। ਰਸ ਮਾਣਦਿਆਂ ਮਾਣਦਿਆਂ ਇਉਂ ਜਾਪਿਆ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਕਿਵੇਂ ਆਪਣੇ ਲਫਜ਼ਾਂ ਰਾਹੀਂ ਆਪਣੀ ਪੂਰਨ ਸਮਰਥਾ ਦਾ ਸਰੂਪ ਪ੍ਰਤੱਖ ਤੌਰ ਤੇ ਪੇਸ਼ ਕਰਦੇ ਹਨ। ਸ਼ਬਦ ਸੀ *"ਮੇਰਾ ਸਤਿਗੁਰ ਪਿਆਰਾ ਕਿਤਬਿਧ ਮਿਲੈ...॥"* (ਗੁਰੂ ਰਾਮਦਾਸ ਸਾਹਿਬ, ਪੰਨਾ 168) ਜਦ ਪੂਰਾ ਸ਼ਬਦ ਪੜ੍ਹਿਆ ਜਾਣ ਲੱਗਾ ਮੈਂ ਹੈਰਾਨੀ ਨਾਲ ਕਹਿਣ ਲੱਗਾ। "ਵਾਹ ਵਾਹ" ਕਿਵੇਂ ਗੁਰੂ ਰਾਮ ਦਾਸ ਆਪ ਗੁਰੂ ਗ੍ਰੰਥ ਸਾਹਿਬ ਦੇ ਪੂਰੇ ਸਮਰਥ ਹੋਣ ਦੀ ਗਵਾਹੀ ਭਰਦੇ ਹਨ। ਮੈਨੂੰ ਤੇ ਮੇਰੀ ਬੇਟੀ ਨੂੰ ਤਾਂ ਇਸ ਲਈ ਪੂਰੀ ਗਵਾਹੀ ਆਪਣੇ ਅਨੁਭਵ ਨਾਲ ਪੱਕੀ ਲਗਦੀ ਹੈ ਕਿਉਂਕਿ ਸਾਡੇ ਨਾਲ ਬੀਤੀ ਹੈ। ਆਉ ਪਹਿਲਾਂ ਸ਼ਬਦ ਦਾ ਸਾਰ ਘੋਖੀਏ। ਸ਼ੁਰੂ ਹੁੰਦਾ ਹੈ:

*ਜਿਸੁ ਮਿਲਿਐ ਮਨਿ ਹੋਇ ਅਨੰਦੁ।* (ਪੰਨਾ 168)

- ਜਿਸਨੂੰ ਮਿਲਕੇ ਅਤਿਅੰਤ ਖੁਸ਼ੀ ਹੁੰਦੀ ਹੈ ਉਸ ਨੂੰ ਹੀ ਸਤਿਗੁਰੂ ਕਹਿਣਾ ਬਣਦਾ ਹੈ। ਨਾਲ ਹੀ ਜਿਹੜਾ ਮਨ ਦਾ ਦੁਚਿਤਾ-ਪਨ ਮਿਟਾ ਦੇਵੇ ਤੇ ਪਰਮ ਪਦਵੀ ਲੈ ਦੇਵੇ, ਉਹੀ ਗੁਰੂ ਹੈ।
- ਉਹ ਪਿਆਰਾ ਸਤਿਗੁਰੂ ਕਿਵੇਂ ਮਿਲੇ, ਮੈਂ ਖਿਨ ਖਿਨ ਨਮਸਕਾਰ ਕਰਦਾ ਹਾਂ ਕਿਸੇ ਤਰ੍ਹਾਂ ਪੂਰਾ ਗੁਰੂ ਮੈਨੂੰ ਮਿਲ ਜਾਏ।
- ਕਮਾਲ ਕਿਰਪਾ ਕਰਕੇ ਪ੍ਰਭੂ ਨੇ ਮੈਨੂੰ ਪੂਰਾ ਸਤਿਗੁਰੂ ਮਿਲਾਇਆ ਤੇ ਸਾਰੀਆਂ ਇਛਾਵਾਂ ਪੂਰੀਆਂ ਹੋ ਗਈਆਂ ਜਦ ਗੁਰੂ ਦੀ ਚਰਨ ਧੂੜ ਮਥੇ ਤੇ ਲਾਈ।
- ਉਸ ਸਤਿਗੁਰੂ ਨੂੰ ਮਿਲੀਏ ਜਿਹੜਾ ਹਰੀ ਦੀ ਭਗਤੀ ਪੱਕੀ ਕਰਾ ਦੇਵੇ, ਤੇ ਹਰੀ ਦੀ ਭਗਤੀ ਦੀਆਂ ਗੱਲਾਂ ਕਰੇ ਤੇ ਸੁਣੇ।
- ਉਸਦੀ ਸੰਗਤ ਵਿੱਚ ਕਦੇ ਘਾਟਾ ਨ ਹੋਵੇ ਤੇ ਫਾਇਦਾ ਹਮੇਸ਼ਾ ਹੋਵੇ ਨਿਤ ਨਿਤ ਵਾਹਿਗੁਰੂ ਦੀ ਯਾਦ ਦ੍ਰਿੜ

ਹੋਣ ਕਰਕੇ।

- ਜਿਸਨੂੰ ਹਿਰਦੇ ਵਿੱਚ ਮਸਤੀ ਆ ਗਈ ਤੇ ਦੂਜਾ ਭਾਓ (ਵਾਹਿਗੁਰੂ ਤੋਂ ਬਿਨਾ ਕਿਸੇ ਹੋਰ ਚੀਜ਼ ਜਾਂ ਵਿਅਕਤੀ ਨਾਲ ਪਿਆਰ ਨਾ ਝੁਕਾਉ) ਮਿਟ ਗਿਆ ਨਾਨਕ ਐਸੇ ਗੁਰੂ ਨੂੰ ਮਿਲਕੇ ਉਭਰ ਆਇਆ ਜਿਸ ਹਰੀ ਦੇ ਗੁਣ ਗਾਵਾਏ।

ਮੇਰਾ ਦੋ ਸਾਲ ਦਾ Impression ਇੱਕ ਨਿਮਖ ਵਿੱਚ ਕੱਟ ਦਿੱਤਾ ਗੁਰੂ ਗ੍ਰੰਥ ਸਾਹਿਬ ਨੇ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਵਿੱਚ 10 ਅਕਤੂਬਰ 1970 ਨੂੰ ਰਾਤੀਂ ਦੋ ਵਜੇ ਇੱਕੋ ਤੁਕ ਨਾਲ- *"ਜੇ ਤੂ ਮਿਤ੍ਰੁ ਅਸਾਡੜਾ, ਹਿਕ ਭੋਰੀ ਨ ਵੇਛੋੜਿ॥"* ਇਸੇ ਤਰ੍ਹਾਂ 1988 ਵਿੱਚ ਮੇਰੀ ਬੇਟੀ ਦੇ ਪਤੀ ਦੇ ਚਲਾਣਾ ਕਰਨ ਮਗਰੋਂ ਪੂਰੀ ਤਰ੍ਹਾਂ ਸਹਾਰਾ ਦਿੱਤਾ ਭਾਵੇਂ ਉਹ ਸਿੱਖ ਵੀ ਨਹੀਂ ਸੀ ਆਓ ਵੇਖੀਏ:

- ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀਚਾਰਨ ਦਾ ਤੇ ਗੁਰੂ ਦੇ ਚਰਨਾਂ ਤੇ ਢਹਿਣ ਦਾ ਬਹੁਤ ਹੀ ਅਨੰਦ ਆਉਂਦਾ ਹੈ। ਮਨ ਦੀ ਦੁਬਿਧਾ ਮੁਕ ਗਈ ਹੈ।
- ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕਿਰਪਾ ਕਰਕੇ ਸਾਨੂੰ ਹਮੇਸ਼ਾ ਲਈ ਗੁਰੂ ਪਰਵਾਨ ਕੀਤਾ ਤੇ ਵਾਹਿਗੁਰੂ ਨੇ ਗੁਰੂ ਗ੍ਰੰਥ ਸਾਹਿਬ ਨੂੰ ਅੰਦਰੋਂ ਮਿਲਾਇਆ ਗੁਰੂ ਅੰਗਦ ਦੇਵ ਜੀ ਦੀ ਪ੍ਰੇਰਨਾ ਰਾਹੀਂ ਕਿ ਸੌ ਚੰਨ ਤੇ ਹਜ਼ਾਰ ਸੂਰਜ ਹੁੰਦਿਆਂ ਵੀ ਹਨੇਰਾ ਰਹਿੰਦਾ ਹੈ ਜੇ ਗੁਰੂ ਦੀ ਰੋਸ਼ਨੀ ਨਾ ਹੋਵੇ। ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਸਾਰੇ ਅੰਧੇਰੇ ਕਟ ਦਿੱਤੇ।
- ਸਿਵਾਏ ਭਗਤੀ, ਨਾਮ, ਸੇਵਾ ਦੇ ਹੋਰ ਕੋਈ ਗਲ ਹੀ ਨਹੀਂ ਕਰਦਾ ਮੇਰਾ ਗੁਰੂ।
- 30 ਸਾਲ ਹੋ ਗਏ ਹਨ ਹੋਰ ਹੋਰ ਹੋਰ ਸਵਾਦ ਹੋਰ ਹੋਰ ਫਾਇਦਾ ਤੇ ਹੋਰ ਹੋਰ ਅਪਣਤ ਮਹਿਸੂਸ ਹੁੰਦੀ ਹੈ। ਘਾਟੇ ਹੋ ਹੀ ਨਹੀਂ ਸਕਦੇ। ਆਪਣਾ ਆਪ ਵਾਰ ਕੇ ਭਗਤੀ ਕਰਨ ਲਈ ਪ੍ਰੇਰਦਾ ਹੈ ਹਰ ਵੇਲੇ।
- ਗੁਰੂ ਤੋਂ ਬਿਨਾ ਹੋਰ ਕੋਈ ਹੈ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਨੇ ਦ੍ਰਿੜ ਕਰਾ ਦਿੱਤਾ ਹੈ।

ਵੇਖੋ ਗੁਰੂ ਦੀ perfection ਅਸੀਂ ਨੋਟ ਕਰ ਲਈ ਪਰ ਹੋਰ ਕਮਾਲ ਗੁਰੂ ਨੇ ਵਾਹਿਗੁਰੂ ਦਾ ਸਮੁਚਾ ਸਰੂਪ ਦਸਿਆ ਉਹ ਵੀ verifiable ਹੈ ਮੇਰੇ ਨਾਲ ਦਿਨ ਰਾਤ ਬੀਤਦਾ ਹੈ। ਗੁਰੂ ਦਾ ਸ਼ਬਦ ਆਇਆ, "ਹਰਿ ਜੀ ਮਾਤਾ ..." (ਮਹਲਾ 5, 1101-2)

- ਵਾਹਿਗੁਰੂ ਮਾਂ ਹੈ, ਪਿਓ ਹੈ ਤੇ ਸਾਨੂੰ ਪਾਲਦਾ ਹੈ। (ਸਾਫ ਦਿਸਦਾ ਹੈ ਜੋ ਸਾਡੇ ਮਾਪੇ ਨਹੀਂ ਕਰ ਸਕਦੇ ਉਹ ਕਰਦਾ ਹੈ ਤੇ ਜਿਨ੍ਹਾਂ ਦੇ ਮਾਪੇ ਨਹੀਂ, ਉਹਨਾਂ ਦੀ ਪ੍ਰਤਿਪਾਲਣਾ ਦਾ ਵੀ ਉਹ ਬੰਦੋਬਸਤ ਕਰਦਾ ਹੈ।
- ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਤਾਂ ਨਿੱਕਾ ਜਿਹਾ ਅਕਲਹੀਣ ਬੱਚਾ ਹਾਂ ਤੇ ਉਹ ਹੀ ਮੇਰੀ ਸਾਰ ਕਰਦਾ ਹੈ, ਹੋਰ ਕਈ ਹੈ ਹੀ ਨਹੀਂ।
- ਹੋਰ ਕਮਾਲ, ਸਹਜੇ ਸਹਜੇ ਖਿਲਾਂਦਾ ਪਿਲਾਂਦਾ ਤੇ ਕਦੇ ਵੀ ਆਲਸ ਨਹੀਂ ਕਰਦਾ। ਮੈਂ ਹਰ ਵੇਲੇ ਪੂਰੀ ਤਰ੍ਹਾਂ ਰੱਜਿਆ ਰਹਿੰਦਾ ਹੈ। ਉਸ ਦੀ ਰਹਿਮਤ ਨਾਲ।
- ਜੋ ਕੋਈ ਨਹੀਂ ਕਰ ਸਕਦਾ, ਉਹ ਕਰਦਾ ਹੈ, ਮੇਰੇ ਅਉਗਣ ਨਹੀਂ ਵੇਖਦਾ ਤੇ ਨਹੀਂ ਚਿੜ੍ਹਾਂਦਾ ਹੈ, ਸਗੋਂ ਗਲੇ ਲਗਾਈ ਰੱਖਦਾ ਹੈ। ਮੈਂ ਤਾਂ ਕਈ ਵਾਰ ਸੋਚਦਾ ਹਾਂ ਕਿ ਜੋ ਮੇਰੀਆਂ ਕਰਤੂਤਾਂ ਦਾ ਧਿਆਨ ਕਰੇ ਤਾਂ ਮੈਨੂੰ 100 ਸਾਲ ਦੀ ਕਰੜੀ ਜੇਲ ਸਜ਼ਾ ਵੀ ਨਰਮੀ ਦਾ ਵਤੀਰਾ ਲਗਦਾ। ਪਰ ਰਹਿਮਤਾਂ ਵਾਲੇ ਨੇ ਪੜਦੇ ਕੱਜ ਕੇ ਆਪਣਾ ਬਣਾ ਕੇ ਗਲੇ ਲਗਾਇਆ।
- ਮੂੰਹੋਂ ਮੰਗਦਾ ਹੀ ਨਹੀਂ ਪੈਂਦਾ ਭਾਵੇਂ ਉਹ ਜੋ ਮੰਗਾਂ ਦੇਂਦਾ ਹੈ। ਪਰ ਐਸਾ ਕਮਾਲ ਕੀਤਾ ਹੈ ਪ੍ਰਭੂ ਨੇ ਕਿ ਮੰਗੇ ਬਿਨਾ ਹੀ ਸਭ ਕੁਝ ਦੇ ਦਿੱਤਾ ਹੈ ਮੰਗਣ ਦੀ ਲੋੜ ਹੀ ਨਹੀਂ ਪੈਂਦੀ ਕਿਉਂਕਿ ਮੇਰਾ ਪਿਤਾ ਪ੍ਰਭੂ ਸੁਖਦਾਈ ਹੈ ਅੰਤਰਜਾਮੀ ਹੈ ਮੇਰੀਆਂ ਸਭ ਲੋੜਾਂ ਸਮਝਦਾ ਹੈ।
- ਗਿਆਨ ਦਾ ਭੰਡਾਰ, ਨਾਮ ਦਾ ਧਨ ਆਪੇ ਹੀ ਸਉਂਪਦਾ ਹੈ ਫਿਰ ਘਾਟ ਕਾਹਦੀ, ਕਾਹਲ ਕਾਹਦੀ, ਡਰ ਕਾਹਦਾ ਚਿੰਤਾ ਕਾਹਦੀ ਤੇ ਸਭ ਤੋਂ ਵੱਡੀ ਗੱਲ ਵਾਹਿਗੁਰੂ ਨੇ ਆਪ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਦਾ ਗੁਲਾਮ ਬਣਾ ਕੇ ਗਿਆਨ ਦੀ ਰਾਸ ਤੇ ਨਾਮ ਦਾ ਧਨ ਬਖਸ਼ਿਆ ਹੈ, ਅਸਲੀਅਤ ਇਹ ਹੈ ਕਿ ਇਹੋ ਜਿਹਾ

ਮਾਲ ਕਿਸੇ ਹੋਰ ਕੋਲ ਹੈ ਵੀ ਨਹੀਂ, ਉਹ ਹੀ ਤੇ ਕੇਵਲ ਉਹ ਹੀ ਇਹੋ ਜਿਹਾ ਸਉਦਾ ਕਰਦਾ ਹੈ।

- ਫਿਰ ਜਿਵੇਂ ਕਬੀਰ ਸਾਹਿਬ ਕਹਿੰਦੇ ਹਨ ਮੈਨੂੰ ਸਿੰਘਾਸਨ ਤੇ ਬਿਠਾ ਲਿਆ ਤੇ ਕੋਈ ਪਹਿਚਾਨ ਨਹੀਂ ਸਕਦਾ ਕਿਹੜਾ ਵਾਹਿਗੁਰੂ ਤੇ ਕਿਹੜਾ ਕਬੀਰ ਹੈ- ਮੈਨੂੰ ਆਪਣੇ ਨਾਲ ਬਿਠਾ ਲੈਂਦਾ ਹੈ। ਇਸ ਕਰਕੇ ਮੈਂ ਸਾਰੇ ਸੁਖ ਪਾਂਦਾ ਹਾਂ। ਗੁਰੂ ਅਰਜਨ ਦੇਵ ਜੀ ਤਾਂ ਹੋਰ ਵੀ ਕਹਿੰਦੇ ਹਨ ਜਦ ਮੈਂ ਦੇ ਚਰਨ ਪਕੜੀ ਰੱਖਦਾ ਹਾਂ ਤਾਂ ਦਿਨ ਰਾਤ ਸੁਖੀ ਰਹਿੰਦਾ ਹਾਂ, ਅੰਤ ਵਿੱਚ ਹੋਰ ਹੈਰਾਨੀ ਮੇਰੇ ਨਾਲੋਂ ਕਦੇ ਵਿਛੜਦਾ ਹੀ ਨਹੀਂ ਕਿਉਂਕਿ ਉਹ ਮੇਰਾ ਪਿਤਾ ਸਭ ਕੁਝ ਕਰਨ ਦੇ ਲਾਇਕ ਹੈ।

ਅਜੇ ਵੀ ਜੇ ਅਸੀਂ ਧੱਕੇ ਖਾਈਏ ਦਰ ਦਰ ਤੇ ਤਾਂ ਸਾਡੀ ਬਦਕਿਸਮਤੀ। ਸਾਡਾ ਪਤਨ ਹੋਇਆ ਹੀ ਇਸ ਲਈ ਹੈ ਕਿ ਅਸੀਂ ਅੰਮ੍ਰਿਤ ਵੇਲਾ ਛਡ ਬੈਠੇ ਹਾਂ ਕਰਮਕਾਂਡਾ ਵਿੱਚ ਫਸ ਗਏ ਹਾਂ। ਅਸਲੀਅਤ ਭੁਲ ਬੈਠੇ ਹਾਂ ਅਸੀਂ ਕੇਵਲ ਪੜ੍ਹਨਾ ਜਾਂ ਕੇਵਲ ਮੱਥਾ ਟੇਕਣਾ ਹੀ ਕਾਫੀ ਸਮਝਦੇ ਹਾਂ। ਪਰ ਗੁਰੂ ਦੀ ਗਲ ਯਾਦ ਕਰੀਏ- ਗੁਰੂ ਨੂੰ ਕੇਵਲ ਵੇਖਾ ਵੇਖੀ ਮੱਥਾ ਟੇਕਣ ਨਾਲ ਕਮ ਨਹੀਂ ਬਣਦਾ ਜਦ ਤਕ ਗੁਰੂ ਸ਼ਬਦ ਦੀ ਵੀਚਾਰ ਨ ਕਰੀਏ ਜੇ ਵੀਚਾਰ ਕਰਾਂਗੇ ਤਾਂ ਸਿਦਕ ਉਸ ਵਿੱਚ ਯਕੀਨ ਲੈ ਆਵੇਗਾ। ਜਿਹੜਾ ਦਿਸਦਾ ਨਹੀਂ ਤੇ ਸਿੱਟਾ ਇਹ ਨਿਕਲੇਗਾ ਕਿ ਜੋ ਅਸੀਂ ਮੰਨਦੇ ਹਾਂ ਉਸ ਨੂੰ ਦੇਖ ਸਕਾਂਗੇ। ਇਹ ਲਫਜ਼ ਹਨ ਇਕ Christian Saint S. Augustine d/ faith is to believe what we don't see and the reward of this faith is to see what we believe.

**ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ!**

ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ। ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.) 422, ਸੈਕਟਰ 15-ਏ, ਚੰਡੀਗੜ੍ਹ 160 015


**Hot millions** ®



**Salad Bar & Restaurant**

*Serving Indian, Chinese, Continental & Italian Food with a regular Indian & Salad Buffet*

For Free Home Delivery (above Rs. 100/-)



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਸੂਖ ਸਹਜ ਆਨੰਦ ਲਹਹੁ
# ਸਾਧ ਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ

**ਰਮੇਸ਼ ਸਿੰਘ**

C-131, Sonari West, Jamshedpur - 831011 (Jharkhand)

*(ਪਿਛਲੇ ਅੰਕ ਦਾ ਬਾਕੀ ਹਿੱਸਾ)*

ਮਤਲਬ ਇਹ ਕਿ ਨਾਮ ਤੇ ਅਧਾਰਿਤ ਰਿਸ਼ਤਾ ਹੀ ਸੱਚਾ ਰਿਸ਼ਤਾ ਹੈ, ਇਸੇ ਲਈ ਗੁਰੂ ਸਾਹਿਬ ਸਲਾਹ ਦੇਂਦੇ ਹਨ:

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥* (ਪੰਨਾ 1102)
*ਤਿਸ ਸਿਉ ਨੇਹੁ ਨ ਕੀਜਈ, ਜੋ ਦੀਸੈ ਚਲਣਹਾਰੁ॥* (ਪੰਨਾ 21)

ਦੁਨਿਆਵੀ ਰਿਸ਼ਤਿਆਂ ਬਾਰੇ -ਜੇਕਰ ਇਨ੍ਹਾਂ ਵਿੱਚ ਨਾਮ ਦਾ ਕੁਨੈਕਸ਼ਨ (connection) ਨਹੀਂ ਉਪਜਿਆ- ਗੁਰਬਾਣੀ ਦਾ ਫੁਰਮਾਨ ਹੈ:

*ਪੁਰਬ ਜਨਮ ਕੇ ਮਿਲੇ ਸੰਜੋਗੀ ਅੰਤ ਕੋ ਨ ਸਹਾਈ॥* (ਪੰਨਾ 700)
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥* (ਪੰਨਾ 918)
*ਪੁਤ੍ਰ ਮਿਤ੍ਰ ਬਿਲਾਸ ਬਨਿਤਾ ਤੁਟਤੇ ਨੇਹ॥* (ਪੰਨਾ 1006)
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥* (ਪੰਨਾ 468
*ਜਗਤ ਮੈ ਝੂਠੀ ਦੇਖੀ ਪ੍ਰੀਤ॥*
*ਅਪਨੇ ਹੀ ਸੁਖ ਸਿਉ ਸਭਿ ਲਾਗੇ ਕਿਆ ਦਾਰਾ ਕਿਆ ਮੀਤ॥* (ਪੰਨਾ 536)
*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥*
*ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥* (ਪੰਨਾ 634)

ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ ਭਾਈ, "*ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ*" (ਪੰਨਾ 366), ਮੈਂ ਪ੍ਰਭੂ ਦੇ ਸਿਵਾਇ ਹੋਰ ਕਿਸੇ ਨਾਲ ਧੜੇਬਾਜੀ ਨਹੀਂ ਕਰਦਾ ਕਿਉਂਕਿ ਦੁਨੀਆਵੀ ਰਿਸ਼ਤੇਦਾਰੀਆਂ ਤੇ ਧੜੇਬਾਜ਼ੀਆਂ ਨਿੱਜੀ ਸੁਆਰਥ ਤੇ ਨਿਰਭਰ ਕਰਦੀਆਂ ਹਨ, ਸੁ ਇਕ ਦਾ ਹਿਤ (self interest) ਜਦੋਂ ਦੂਜੇ ਦੇ ਹਿਤ ਨਾਲ ਟਕਰਾਂਦਾ ਹੈ, ਇਹ ਸੰਬੰਧ ਬਿਖਰ ਕੇ ਰਹਿ ਜਾਂਦੇ ਹਨ। ਸਾਧ ਸੰਗਤ ਤੋਂ ਵਾਂਝਾ ਮਨੁੱਖ ਸਾਰੀ ਜ਼ਿੰਦਗੀ ਦੁਨਿਆਵੀ ਰਿਸ਼ਤੇਦਾਰੀਆਂ ਵਿੱਚ ਉਲਝ ਕੇ ਰਹਿ ਜਾਂਦਾ ਹੈ ਤੇ ਉਸਨੂੰ ਇਹਨਾਂ ਚੋਂ ਸਿਵਾਇ ਦੁਖ ਦੇ ਹੋਰ ਕੁਝ ਨਹੀਂ ਮਿਲਦਾ।

ਦੁਨੀਆ ਵਿੱਚ ਲੋਕੀਂ ਕਈ ਤਰ੍ਹਾਂ ਦੇ ਜਸ਼ਨ ਮਨਾਉਂਦੇ ਹਨ, ਕਿਤੇ ਵਿਆਹ ਹੋ ਰਿਹਾ ਹੈ, ਕਿਤੇ ਬਰਥ-ਡੇ ਮਨਾਇਆ ਜਾ ਰਿਹਾ ਹੈ, ਕਿਤੇ ਲੋਹੜੀ ਦਾ ਧਮਾਕਾ ਹੈ, ਕਿਤੇ ਪਾਰਟੀ ਦਾ ਸ਼ੋਰ ਹੈ। ਮਾਇਆ ਦਾ ਰੰਗ ਤੇ ਨਸ਼ਾ ਇਸਤਰ੍ਹਾਂ ਸਾਡੀ ਮਤਿ ਮਾਰ ਦੇਂਦਾ ਹੈ ਕਿ ਸਮਝ ਹੀ ਨਹੀਂ ਪੈਂਦੀ ਕਿ ਅਸੀਂ ਕਰ ਕੀ ਰਹੇ ਹਾਂ, ਭਾਵੇਂ ਦੁਨਿਆਵੀ ਹਿਸਾਬ ਨਾਲ ਆਪਣੇ ਆਪ ਨੂੰ ਸਿਆਣਾ ਸਮਝਦੇ ਤੇ ਗਿਣਦੇ ਹਾਂ। ਸੰਜੋਗ, ਸਤਿਸੰਗ ਦੌਰਾਨ ਇੱਕ ਵਿਆਹ ਦਾ ਤੇ ਦੋ ਬਰਥ-ਡੇ ਮਨਾਣ ਦੇ ਅਉਸਰ ਆਏ। ਗੁਰੂ ਕਿਰਪਾ ਸਦਕਾ, ਗੁਰੂ ਪਿਆਰੇ ਸਤਿਸੰਗੀ ਜੀ ਨੇ ਗੁਰਮਤਿ ਨੂੰ ਅਧਾਰ ਬਣਾ ਕੇ ਵਿਆਹ ਤੇ ਜਨਮ ਦਿਨ ਦੀ ਗੱਲ ਸਮਝਾਈ। ਗੁਰਬਾਣੀ ਅਨੁਸਾਰ, ਹਰ ਜੀਵ ਇਸਤ੍ਰੀ ਨੂੰ ਆਪਣੇ ਪ੍ਰਭੂ ਪਤੀ ਨਾਲ ਵਿਆਹ ਰਚਾਣ ਦੀ ਸੋਚਣੀ ਚਾਹੀਦੀ ਹੈ, ਕਿਉਂਕਿ

*ਸਭਨਾ ਸਾਹੁਰੈ ਵੰਞਣਾ ਸਭ ਮੁਕਲਾਵਣਹਾਰ॥* (ਪੰਨਾ 50)

ਕਬੀਰ ਸਾਹਿਬ ਆਪਣੇ ਵਿਆਹ ਦੀ ਚਰਚਾ ਕਰਦਿਆਂ ਕਹਿੰਦੇ ਹਨ:

*ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥*

*ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥* (ਪੰਨਾ 482)

*ਕਹਿ ਕਬੀਰ ਮੋਹਿ ਬਿਆਹਿ ਚਲੇ ਹੈ, ਪੁਰਖ ਏਕ ਭਗਵਾਨਾ॥* (ਪੰਨਾ 482)

ਤੇ ਗੁਰੂ ਰਾਮਦਾਸ ਜੀ ਨਾਮ ਦੇ ਦਾਜ ਦੀ ਮੰਗ ਕਰਦੇ ਹਨ,

*ਹਰਿ ਪ੍ਰਭੂ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥*

*ਹਰਿ ਕਪੜੋ, ਹਰਿ ਸੋਭਾ ਦੇਵਹੁ, ਜਿਤੁ ਸਵਰੈ ਮੇਰਾ ਕਾਜੋ॥* (ਪੰਨਾ 79)

ਪ੍ਰਭੂ ਪਤੀ ਵਰਗਾ ਪਤੀ ਕੌਣ ਹੋ ਸਕਦਾ ਹੈ, ਉਸ ਕਦੇ ਮਰਨਾ ਨਹੀਂ (ਸੁ ਜੀਵ ਇਸਤਰੀ ਕਦੇ ਵਿਧਵਾ ਨਹੀਂ ਹੋ ਸਕਦੀ), ਉਸ ਕਦੇ ਧੋਖਾ ਨਹੀਂ ਦੇਣਾ, ਉਸ ਕਦੇ ਛਡ ਕੇ ਨਹੀਂ ਜਾਣਾ, ਉਸ ਜੈਸਾ ਸਮਰਥ ਪਤੀ ਮਿਲ ਜਾਏ ਤਾਂ ਫਿਰ,

*ਦਿਨ ਰੈਣ ਰਲੀਆ*

*ਬਿਨਵਤ ਨਾਨਕ ਕਤ ਮਿਲਿਆ ਲੋੜਤੇ ਹਮ ਜੈਸਾ॥* (ਪੰਨਾ 247)

ਸਤਿਸੰਗ ਦੌਰਾਨ ਵਿਆਹੁਤਾ ਜੋੜੇ ਨੂੰ ਦਸਿਆ ਗਿਆ ਕਿ ਤੁਸੀਂ ਆਪਸ ਵਿੱਚ ਵਿਆਹ ਕਰ ਕੇ, ਫਿਰ ਰਲ ਕੇ ਦੋਵੇਂ ਪ੍ਰਭੂ ਪਤੀ ਨਾਲ ਵਿਆਹ ਰਚਾ ਲਵੋ, ਤੁਹਾਡਾ ਦੋਹਾਂ ਦਾ ਸ਼ਰੀਰਕ ਮੇਲ ਤੁਹਾਡੇ ਸੰਯੁਕਤ (combined) ਪ੍ਰਭੂ ਮੇਲ ਵਿੱਚ ਬਦਲਨਾ ਚਾਹੀਦਾ ਹੈ, ਤਾਂ ਤੁਸੀਂ ਸਦੀਵੀ ਅਨੰਦ ਮਾਣ ਸਕੋਗੇ, ਵਰਨਾ ਵਿਆਹ ਦੇ ਜਸ਼ਨ ਮਨਾਉਣ ਦੇ ਦੁਨਿਆਵੀ ਤਰੀਕੇ -ਨਾਚ-ਗਾਣੇ, ਭੰਗੜਾ, ਸ਼ਰਾਬਾਂ ਦੀਆਂ ਪਾਰਟੀਆਂ, ਦਾਜ ਲੈਣ-ਦੇਣ ਤੇ ਵਿਖਾਵਾ- ਭਾਵੇਂ ਜੋ ਕੁਛ ਵੀ ਕਰ ਲਈਏ, ਕੋਈ ਗਾਰੰਟੀ ਨਹੀਂ ਦੇ ਸਕਦੇ ਕਿ ਸੁਖ ਹੀ ਹੋਵੇਗਾ ਵਿਆਹ ਤੋਂ ਬਾਅਦ। ਸੱਚਾਈ ਤਾਂ ਇਹ ਹੈ ਕਿ ਅਧਿਕਾਂਸ਼ ਕੇਸਾਂ ਵਿੱਚ ਪਿੱਟ ਸਿਆਪਾ ਹੀ ਪੈਂਦਾ ਹੈ। ਇਸੇ ਤਰ੍ਹਾਂ ਦੁਨਿਆਵੀ ਤਰੀਕੇ ਬਰਥ-ਡੇ ਮਨਾਣ ਦੇ ਮੋਮਬਤੀਆਂ ਫੂਕ-ਫੂਕ ਕੇ ਤੇ ਪਾਰਟੀਆਂ ਕਰ-ਕਰ ਕੇ- ਸਾਨੂੰ ਹੋਰ ਭੁਲੇਖੇ ਵਿੱਚ ਪਾ ਦੇਂਦੇ ਹਨ। ਅਸੀਂ ਭੁਲ ਜਾਂਦੇ ਹਾਂ ਮਾਇਆ ਦੇ ਨਸ਼ੇ ਵਿੱਚ ਕਿ, ਇਹ ਕੋਈ ਜਸ਼ਨ ਮਨਾਣ ਦਾ ਦਿਨ ਨਹੀਂ, ਇਹ ਤਾਂ ਸੋਚਣ-ਵਿਚਾਰਣ ਦਾ ਵੇਲਾ ਹੈ ਕਿ ਜ਼ਿੰਦਗੀ ਦਾ ਇੱਕ ਸਾਲ ਹੋਰ ਘਟ ਗਿਆ, ਜਿਸ ਕੰਮ ਲਈ ਆਏ ਸਾਂ ਉਸ ਵਲ ਤਾਂ ਧਿਆਨ ਹੀ ਨਹੀਂ ਦਿੱਤਾ, ਜੇ ਅਚਾਨਕ ਮੌਤ ਆ ਜਾਏ ਤਾਂ ਕੀ ਮੂੰਹ ਦਿਖਾਵਾਂਗੇ ਕਿਉਂਕਿ ਨਾਮ ਤਾਂ ਜਪਿਆ ਨਹੀਂ, ਸਾਰਾ ਸਮਾਂ ਦੁਨਿਆਵੀ ਧੰਧੇ ਹੀ ਪਿਟਦੇ ਰਹੇ। ਗੁਰੂ ਕਿਰਪਾ, ਜੇ ਸੋਝੀ ਆ ਜਾਏ ਤਾਂ ਉਸ ਦਿਨ ਇਸ ਤਰ੍ਹਾਂ ਪ੍ਰਭੂ ਦਾ ਸ਼ੁਕਰਾਨਾ ਕਰਦਿਆਂ ਗੁਜਾਰੀਏ:

*ਲਖ ਖੁਸੀਆ ਪਾਤਸਾਹੀਆ, ਜੇ ਸਤਿਗੁਰ ਨਦਰਿ ਕਰੇਇ॥*

*ਨਿਮਖ ਏਕ ਹਰਿਨਾਮੁ ਦੇਇ, ਮੇਰਾ ਮਨੁ ਤਨੁ ਸੀਤਲੁ ਹੋਇ॥* (ਪੰਨਾ 44)

*ਮੇਰੇ ਮਨ ਏਕਸ ਸਿਉ ਚਿਤੁ ਲਾਇ॥*

*ਏਕਸ ਬਿਨੁ ਸਭ ਧੰਧੁ ਹੈ, ਸਭ ਮਿਥਿਆ ਮੋਹੁ ਮਾਇ॥* (ਪੰਨਾ 44)

*ਨਿਮਖ ਨ ਬਿਸਰਉ ਤੁਮ੍ਹ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥* (ਪੰਨਾ 496)

*ਇਸੁ ਪਾਨੀ ਤੇ ਜਿਨਿ ਤੂ ਘਰਿਆ॥ ਮਾਟੀ ਕਾ ਲੇ ਦੇਹੁਰਾ ਕਰਿਆ॥*

*ਉਕਤਿ ਜੋਤਿ ਲੈ ਸੁਰਤਿ ਪਰੀਖਿਆ॥*

*ਮਾਤ ਗਰਭ ਮਹਿ ਜਿਨਿ ਤੂ ਰਾਖਿਆ॥1॥*

*ਰਾਖਨਹਾਰੁ ਸਮਾਰਿ ਜਨਾ॥ ਸਗਲੇ ਛੋਡਿ ਬੀਚਾਰ ਮਨਾ॥* (ਪੰਨਾ 913)

*ਤਿਸੁ ਸੇਵਤ ਮਨਿ ਆਲਸੁ ਕਰੈ॥*

*ਜਿਸੁ ਵਿਸਰਿਐ ਇਕ ਨਿਮਖ ਨ ਸਰੈ॥* (ਪੰਨਾ 913)

ਇਸ ਤਰ੍ਹਾਂ ਨਿਰੰਤਰ ਪ੍ਰਭੂ ਦੀ ਕਿਰਪਾ ਦੇ ਪਾਤਰ ਬਨਣ ਦੀ ਕੋਸ਼ਿਸ਼ ਕਰਦਿਆਂ ਦੁਨੀਆ ਦੇ ਜਸ਼ਨ ਮਨਾਵਾਂਗੇ ਤਾਂ *"ਸਦਾ ਅਨੰਦਿ ਰਹਹਿ ਦਿਨੁ ਰਾਤੀ"* (ਪੰਨਾ 466) ਵਾਲੀ ਅਵਸਥਾ ਪ੍ਰਾਪਤ ਹੋਵੇਗੀ।

ਸਾਰੇ ਕਹਿੰਦੇ ਹਨ ਕਿ ਸਾਨੂੰ ਪ੍ਰਭੂ ਚਾਹੀਦਾ ਹੈ, ਪਰ ਅਫਸੋਸ, ਪ੍ਰਭੂ ਕੋਲ ਜਾਣ ਦਾ ਜੋ ਤਰੀਕਾ ਗੁਰੂ ਦਸਦਾ ਹੈ, ਉਸਨੂੰ ਅਸੀਂ ਗ੍ਰਹਿਣ ਨਹੀਂ ਕਰਦੇ ਅਮਲ ਵਿੱਚ, ਇਸ ਕਰਕੇ ਸਾਰੀ ਜ਼ਿੰਦਗੀ ਕੋਸ਼ਿਸ਼ ਕਰ ਕੇ ਵੀ ਸਾਡੇ ਪੱਲੇ ਕੁਛ

ਨਹੀਂ ਪੈਂਦਾ। ਸਵਾਲ ਇਹੀ ਹੈ ਨਾ, *"ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ"* (ਪੰਨਾ 527), ਪੁਛਿਆ ਗੁਰੂ ਨੂੰ। ਦਸਿਆ ਗੁਰੂ ਨੇ, ਭਾਈ ਇਹ ਪ੍ਰੇਮ ਦੀ ਖੇਡ ਹੈ, ਜੇ ਖੇਡਣਾ ਚਾਹੁੰਦਾ ਹੈਂ ਤਾਂ ਮਰਣ ਲਈ ਤਿਆਰ ਹੋ ਜਾ। ਪਹਿਲਾਂ ਹੀ ਫੈਸਲਾ ਕਰ ਲੈ, ਬਾਅਦ ਵਿੱਚ ਕਿੰਤੂ/ਪਰੰਤੂ ਨਾ ਕਰੀਂ, *"ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ"* (ਪੰਨਾ 1412) ਪ੍ਰੇਮ ਦੀ ਇਹ ਖੇਡ ਖੇਡਣ ਲਈ ਸਾਨੂੰ ਅਮਲੀ ਜੀਵਨ ਵਿੱਚ ਇਹ ਕੁਛ ਕਰਨਾ ਪਵੇਗਾ (ਗੁਰਮਤਿ ਅਧਾਰਿਤ ਕੁਛ ਨੁਕਤੇ):

i) ਅਪਣੀ ਆਕੜ ਛਡ ਸਾਰੀ ਦੁਨੀਆ ਦੀ ਚਰਣ ਧੂੜ ਬਨਣਾ।
ii) ਨਾਮ ਰਸ ਨੂੰ ਛਡ ਬਾਕੀ ਰਸ ਤਿਆਗਣੇ।
iii) ਗੁਰੂ ਉਪਦੇਸ਼ਾਂ ਤੇ ਅਮਲ ਕਰਨਾ।
iv) ਆਪਣੇ ਮਨ ਦੀ ਮਤਿ ਤਿਆਗ ਕੇ ਗੁਰੂ ਦੀ ਮਤਿ ਨੂੰ ਅਪਨਾਣਾ।
v) ਕਚੇ ਲੋਕਾਂ ਨਾਲ ਦੋਸਤੀ ਤੋੜ ਕੇ ਪ੍ਰਭੂ ਨਾਲ ਪਿਆਰ ਪਾਣਾ।
vi) ਲੋਕਲਾਜ ਦਾ ਤਿਆਗ ਕਰਨਾ।
vii) ਬੁਰੇ ਦਾ ਵੀ ਭਲਾ ਕਰਨਾ।
viii) ਸਭ ਨੂੰ ਮੁਆਫ ਕਰਨਾ।
ix) ਪ੍ਰਭੂ ਨੂੰ ਜ਼ਿੰਦਗੀ ਵਿੱਚ ਸਭ ਤੋਂ ਉਪਰ ਰਖਣਾ।
x) ਸਾਰੇ ਧਰਮੀ ਪੁਰਸ਼ਾਂ, ਧਰਮ ਅਸਥਾਨਾਂ ਤੇ ਧਾਰਮਿਕ ਤਰੀਕਿਆਂ ਦਾ ਆਦਰ ਕਰਨਾ।
xi) ਅੰਮ੍ਰਿਤ ਵੇਲਾ, ਦਸਵੰਧ, ਤੇ ਸੱਚੀ-ਸੁੱਚੀ ਕਮਾਈ ਕਰਨੀ।
xii) ਸਭ ਨੂੰ ਪਿਆਰ ਕਰਨਾ।
xiii) ਸਰਬੱਤ ਦਾ ਭਲਾ ਮੰਗਣਾ।
xiv) ਨਿਰੰਤਰ ਪ੍ਰਭੂ ਦੀ ਯਾਦ ਵਿੱਚ ਰਹਿੰਦਿਆਂ ਪੰਜਾਂ ਚੋਰਾਂ ਤੋਂ ਬਚਣ ਦੀਆਂ ਅਰਦਾਸਾਂ ਕਰਨਾ।
xv) ਆਪਣੇ ਅਉਗਣਾਂ ਦੀ ਸ਼ਰਮ ਹੇਠ ਆਪ ਨੂੰ ਲਾਹਨਤਾਂ ਪਾਂਦੇ ਰਹਿਣਾ।
xvi) ਸਿਵਾਇ ਨਾਮ ਦੇ ਗੁਰੂ ਕੋਲੋਂ ਹੋਰ ਕੁਝ ਨਹੀਂ ਮੰਗਣਾ।
xvii) ਨਿੰਦਾ, ਚੁਗਲੀ, ਬਖੀਲੀ ਤੋਂ ਦੂਰ ਰਹਿਣਾ।
xviii) ਸੇਵਾ ਤੇ ਸਿਮਰਨ ਨੂੰ ਜੀਵਨ ਦਾ ਅਧਾਰ ਬਨਾਣਾ।
xix) ਸਤਿਸੰਗ ਦੇ ਦਾਇਰੇ ਵਿੱਚ ਰਹਿਣਾ।
xx) ਝੂਠ ਨਹੀਂ ਬੋਲਣਾ, ਗਰੀਬਮਾਰ ਨਹੀਂ ਕਰਨੀ, ਪਰੋਪਕਾਰ ਕਰਨਾ।

ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਪ੍ਰਾਪਤੀ ਦੇ ਸਾਰੇ ਪ੍ਰਯਾਸ ਨੂੰ ਬਾਕਮਾਲ ਤਰੀਕੇ ਨਾਲ ਦਰਸਾਇਆ ਹੈ। ਕਹਿੰਦੇ ਹਨ:

**ਸਵਾਲ:** *ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥* (ਪੰਨਾ 1098)

**ਜੁਆਬ:** *ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ॥*
*ਨਿਤ ਸੇਵਿਹੁ ਸਾਹਿਬੁ ਆਪਣਾ ਸਤਿਸੰਗਿ ਮਿਲਾਈਆ॥* (ਪੰਨਾ 1098)

**ਇਸ ਤੇ ਅਮਲ ਕਰਨ ਦਾ ਰਿਜ਼ਲਟ:**
*ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ॥*
*ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ॥* (ਪੰਨਾ 1098)

ਸੁ ਗੁਰੂ ਹੁਕਮਾਂ ਤੇ ਚਲਕੇ ਹੀ ਅਸੀਂ ਪ੍ਰਭੂ ਮਾਰਗ ਦੇ ਪਾਂਧੀ ਬਣ ਸਕਦੇ ਹਾਂ। ਅਤੇ ਗੱਲ ਤਾਂ ਸਾਰੀ ਪਿਆਰ ਦੀ ਹੈ, ਜੇ ਪਿਆਰ ਹੈ ਤਾਂ ਸਭ ਕੁਝ ਹੈ, ਜੇ ਪਿਆਰ ਨਹੀਂ ਤਾਂ ਸਭ ਫੋਕਟ ਫੋਕਟਈਆ ਹੈ,

*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥*
*ਜਿਨੁ ਮਨਿ ਹੋਰੁ ਮੁਖਿ ਹੋਰੁ, ਸੇ ਕਾਂਚੇ ਕਚਿਆ॥* (ਪੰਨਾ 488)

ਜਿਨ੍ਹਾਂ ਦਾ ਉਸ ਨਾਲ ਪਿਆਰ ਪੈ ਗਿਆ ਹੈ, ਵੇਖੋ ਉਹ ਕਿਵੇਂ ਵਿਛੋੜੇ ਦੇ ਦਰਦ ਵਿੱਚ ਚੀਕਾਂ ਮਾਰਦੇ ਹਨ:

*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,*
*ਮੈ ਨੀਰੁ ਵਹੇ ਵਹਿ ਚਲੈ ਜੀਉ॥* (ਪੰਨਾ 94)
*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥*
*ਸਮੁੰਦੁ ਸਾਗਰੁ ਹੋਵੈ ਬਹੁਖਾਰਾ॥ ਗੁਰਸਿਖੁ ਲੰਘਿ ਗੁਰ ਪਹਿ ਜਾਈ॥* (ਪੰਨਾ 757)
*ਮੋਹਿ ਲਾਗਤੀ ਤਾਲਾ ਬੇਲੀ॥ ਬਛਰੇ ਬਿਨੁ ਗਾਇ ਅਕੇਲੀ॥* (ਪੰਨਾ 874)
*ਏਕ ਨਿਮਖ ਜੋ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ॥* (ਪੰਨਾ 1209)
*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥* (ਪੰਨਾ 96)
*ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥*
*ਪ੍ਰੇਮ ਜਾਇ ਤਉ ਡਰਪੈ ਤੇਰੋ ਜਨੁ॥* (ਪੰਨਾ 486)
*ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥* (ਪੰਨਾ 484)
*ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥* (ਪੰਨਾ 484)

ਸਾਡੇ ਗੁਰਮੁਖ ਪਿਆਰੇ ਸਤਿਸੰਗੀ ਜੀ ਆਪਣੇ ਮਰਾਠੀ ਸਤਿਸੰਗੀਆਂ ਨੂੰ ਪ੍ਰਭੂ ਪਿਆਰ ਦੀ ਤੜਪ ਦੀ ਝਲਕ ਦੇਣ ਲਈ ਹਿੰਦੀ ਵਿੱਚ ਇਸ ਤਰ੍ਹਾਂ ਗਾਇਆ ਕਰਦੇ ਹਨ:

ਪ੍ਰਭੂ ਤੇਰਾ ਮੇਰਾ ਪਿਆਰ ਕਹੀਂ ਟੂਟ ਨ ਜਾਏ,
ਯਿਹੀ ਫਿਕਰ ਮੁਝੇ ਹਰਦਮ ਖਾਏ।
ਮੈਂ ਤੋ ਹੂੰ ਇੱਕ ਛੋਟਾ ਸਾ ਤਿਨਕਾ,
ਤੇਰੀ ਖੁਸ਼ੀ ਹੈ ਮੇਰਾ ਜੀਵਨ।
ਕਿਰਪਾ ਕਰੋ ਐ ਸੁਆਮੀ ਮੇਰੇ,
ਯੇ ਭੀ ਸਹਾਰਾ ਕਹੀਂ ਛੂਟ ਨ ਜਾਏ।
ਪ੍ਰਭੂ ਤੇਰਾ ਮੇਰਾ ਪਿਆਰ ਕਹੀਂ ਟੂਟ ਨ ਜਾਏ,
ਯਿਹੀ ਫਿਕਰ ਮੁਝੇ ਹਰਦਮ ਖਾਏ।
ਜਬ ਸੇ ਮੈਨੇ ਜਨਮ ਲੀਆ ਹੈ,
ਤੂਨੇ ਮੁਝ ਪੇ ਕਰਮ ਕੀਆ ਹੈ।
ਪਰ ਆਦਤ ਸੇ ਮਜਬੂਰ ਹੂੰ ਮੈਂ
ਗੁਨਾਹੋਂ ਕੀ ਤਸਵੀਰ ਹੂੰ ਮੈਂ।
ਮੇਰੇ ਗੁਨਾਹੋਂ ਸੇ ਮੁਝੇ ਛੁੜਵਾਓ,
ਯੇ ਪਾਪ ਕੀ ਬੇੜੀ ਕਹੀਂ ਡੂਬ ਨ ਜਾਏ।
ਪ੍ਰਭੂ ਤੇਰਾ ਮੇਰਾ ਪਿਆਰ ਕਹੀਂ ਟੂਟ ਨ ਜਾਏ,
ਯਿਹੀ ਫਿਕਰ ਮੁਝੇ ਹਰਦਮ ਖਾਏ।

ਜਿਸ ਅੰਦਰ ਇਸ ਤਰ੍ਹਾਂ ਦਾ ਪਿਆਰ ਪੈ ਜਾਂਦਾ ਹੈ ਉਸਨੂੰ ਦੁਨੀਆਵੀ ਲੋਕ ਭੂਤਨਾ, ਬੇਤਾਲਾ, ਪਾਗਲ, ਵੇਚਾਰਾ... ਆਖਦੇ ਹਨ, ਪਰ ਉਹ ਵੀ ਵੇਪਰਵਾਹ ਹੋ ਕੇ ਕਹਿੰਦਾ ਹੈ, "ਤੇਰੇ ਪਿਆਰ ਮੇਂ ਇਤਨਾ ਖੋ ਜਾਊਂ, ਪਾਗਲ ਸਮਝੇ ਸੰਸਾਰ ਮੁਝੇ"। ਸਤਿਸੰਗ ਵਿੱਚ ਸੁਣਿਆ ਕਿ ਜਦੋਂ ਭਾਰਤੀ ਵਿਦੇਸ਼ ਸੇਵਾ (IFS) ਦੇ ਇੱਕ ਡਿਪਲੋਮੇਟ ਨੂੰ ਪ੍ਰਭੂ ਪਿਆਰ ਦੀ ਖੁਮਾਰੀ ਚੜ੍ਹੀ ਤਾਂ ਆਪਣੀ ਵਿਦੇਸ਼ ਪੋਸਟਿੰਗ ਤੇ ਜਾਣ ਲਗਿਆਂ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਚੁਕ ਕੇ (ਸੂਟ-ਨਕਟਾਈ ਪਾਈ ਹੋਈ ਸੀ) ਉਹ ਹਵਾਈ ਜਹਾਜ 'ਚ ਸਵਾਰ ਹੋਏ ਪਾਲਮ ਏਅਰਪੋਰਟ ਤੇ। ਉਨ੍ਹਾਂ ਦਾ ਗੁਰੂ ਦਾ ਪਿਆਰ ਇਤਨਾ ਹਾਵੀ ਸੀ ਕਿ ਦੁਨੀਆਂ ਦੀ ਲੋਕਲਾਜ ਤੇ ਸ਼ਰਮ ਉਨ੍ਹਾਂ ਨੂੰ ਰੋਕ ਨਾ ਸਕੀ, ਉਨ੍ਹਾਂ ਦਾ ਕਹਿਣਾ ਸੀ ਕਿ ਉਹ ਆਪਣੇ ਗੁਰੂ ਬਗੈਰ ਨਹੀਂ ਰਹਿ ਸਕਦੇ।

ਪ੍ਰਭੂ ਕਿਰਪਾ ਕਰਨ ਸਾਡੇ ਅੰਦਰ ਵੀ ਇਹੋ ਜਿਹਾ ਪਿਆਰ ਪੈਦਾ ਹੋਵੇ।

ਗੁਰੂ/ਪ੍ਰਭੂ ਦੇ ਦਰਸ਼ਨ ਕਿਵੇਂ ਹੁੰਦੇ ਹਨ, ਅਸਾਂ ਇਸ ਸੰਬੰਧ ਵਿੱਚ ਬੜੇ ਭੁਲੇਖੇ ਪਾਲੇ ਹੋਏ ਹਨ। ਗੁਰੂ ਸਾਡਾ ਸ਼ਬਦ ਹੈ, ਤੇ ਪ੍ਰਭੂ ਹੈ ਰੂਪ, ਰੇਖ, ਰੰਗ ਤੋਂ ਉਪਰ, ਕਿਵੇਂ ਦਰਸ਼ਨ ਹੋਣ? ਗੁਰੂ ਸਾਹਿਬ ਸਮਝਾਂਦੇ ਹਨ ਕਿ ਜਦੋਂ ਪੂਰਾ ਗੁਰੂ ਕਿਰਪਾ ਕਰੇ ਤਾਂ ਇਹ ਸੋਝੀ ਪੈਂਦੀ ਹੈ ਤੇ ਗਿਆਨ ਉਪਜਦਾ ਹੈ ਕਿ ਰੁਮਾਲਾ ਚੁਕ ਕੇ ਗੁਰੂ ਦੇ ਦਰਸ਼ਨ ਨਹੀਂ ਹੁੰਦੇ ਤੇ ਨਾ ਹੀ ਅੱਖਾਂ ਸਾਮ੍ਹਣੇ ਕਿਸੇ ਦੀ ਝਲਕ ਜਾਂ ਤਸਵੀਰ ਦੇਖ ਕੇ ਪ੍ਰਭੂ ਦੇ ਦਰਸ਼ਨ ਹੁੰਦੇ ਹਨ।

*ਗੁਰੁ ਪੂਰਾ ਭੇਟਿਓ ਵਡਭਾਗੀ, ਮਨਹਿ ਭਇਆ ਪਰਗਾਸਾ॥*
*ਕੋਇ ਨ ਪਹੁਚਨਹਾਰਾ ਦੂਜਾ, ਅਪੁਨੇ ਸਾਹਿਬ ਕਾ ਭਰਵਾਸਾ॥* (ਪੰਨਾ 609)
*ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥* (ਪੰਨਾ 283)

ਫਿਰ ਕਿਵੇਂ ਪਤਾ ਚਲੇ ਕਿ ਦਰਸ਼ਨ ਹੋਇ ਹਨ ਕਿ ਨਹੀਂ। ਗੁਰੂ ਸਾਹਿਬ ਬਾਣੀ ਅੰਦਰ ਦਰਸ਼ਨ ਦੀਆਂ ਨਿਸ਼ਾਨੀਆਂ ਇਉਂ ਦਸਦੇ ਹਨ (ਕੁਝ ਉਦਾਹਰਣ):

1. ਚਿੰਤਾ ਖਤਮ ਹੋ ਗਈ।
2. ਪਰੇਸ਼ਾਨੀ, ਟੈਂਸ਼ਨ, ਹੋਰ ਕਿਸੇ ਕਿਸਮ ਦੀ ਸੋਚ ਤੋਂ ਛੁਟਕਾਰਾ।
3. ਪੰਜਾਂ ਚੋਰਾਂ ਤੋਂ ਛੁਟਕਾਰਾ (ਇਨ੍ਹਾਂ ਦੀ ਪਕੜ ਢਿਲੀ ਪੈ ਗਈ)
4. ਪ੍ਰਭੂ ਦੀ ਬਾਣੀ ਮਿੱਠੀ ਲਗਦੀ ਹੈ, ਸਦਾ ਗੁਣਗਾਉਣ ਦਾ ਚਾਅ ਰਹਿੰਦਾ ਹੈ।
5. ਮੌਤ ਦਾ ਡਰ ਖਤਮ।
6. ਹਉਮੈ ਦਾ ਨਾਸ਼ (ਹਉਮੈ ਤੋਂ ਸਖਤ ਨਫਰਤ)
7. ਦੁਖ ਤੇ ਭੁਖ ਖਤਮ ਹੋ ਗਏ।
8. ਤ੍ਰਿਸ਼ਨਾ ਖਤਮ ਹੋ ਗਈ। ਪ੍ਰਭੂ ਤੋਂ ਕੁਝ ਵੀ ਦੁਨੀਆਵੀ ਮੰਗ ਕਰਨ ਦੀ ਇੱਛਾ ਨਹੀਂ ਰਹੀ।
9. ਮਨ ਹਰ ਵੇਲੇ ਅਨੰਦ ਵਿੱਚ ਰਹਿੰਦਾ ਹੈ।
10. ਪ੍ਰਭੂ ਦੀ ਸਮਰਥਾ ਤੇ ਭਰੋਸਾ ਬੱਝ ਗਿਆ ਹੈ ਕਿ ਉਸ ਤੋਂ ਵੱਡਾ ਕੋਈ ਨਹੀਂ।

ਜਿਸਨੂੰ ਇਹ ਦਰਸ਼ਨ ਹੋ ਜਾਣ ਉਸਦੇ ਜੀਵਨ ਅੰਦਰ ਕ੍ਰਾਂਤੀ ਆ ਜਾਂਦੀ ਹੈ, ਉਸਦਾ ਨਵਾਂ ਜੀਵਨ ਸ਼ੁਰੂ ਹੁੰਦਾ ਹੈ।

*ਜਬ ਤੇ ਦਰਸਨ ਭੇਟੇ ਸਾਧੂ, ਭਲੇ ਦਿਨਸ ਓਇ ਆਏ॥*
*ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ॥* (ਪੰਨਾ 671)
*ਦਰਸਨੁ ਦੇਖਿ ਭਈ ਨਿਹਕੇਵਲ, ਜਨਮ ਮਰਣ ਦੁਖੁ ਨਾਸਾ॥* (ਪੰਨਾ 764)
*ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ, ਜਿਤੁ ਤੁਮਾਰੈ ਦੁਆਰੈ ਆਇਆ॥*
*ਨਾਨਕ ਕਉ ਪ੍ਰਭੂ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ॥* (ਪੰਨਾ 749)

ਉਸਨੂੰ ਦੁਨੀਆਵੀ ਜਨਮ ਦਿਨ ਤੇ ਵਿਆਹ ਦੀ ਸਾਲਗਿਰਹ ਭੁਲ ਜਾਂਦੀ ਹੈ, ਉਸਦੀ ਅਵਸਥਾ *"ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ"* (ਪੰਨਾ 43) ਵਾਲੀ ਹੋ ਜਾਂਦੀ ਹੈ।

ਭਾਵੇਂ ਸਿੱਖ ਗੁਰੂ ਨੂੰ ਮਿਲਨ ਜਾਏ (ਅਰਥਾਤ ਸਾਡੇ ਗੁਰਦੁਆਰੇ ਜਾਣ ਦਾ ਮਕਸਦ) ਜਾਂ ਸਿੱਖ ਆਪਸ ਵਿੱਚ ਮਿਲਣ, ਸਾਡੇ ਮਿਲਨ ਦਾ ਇੱਕੋ ਮਕਸਦ ਹੋਣਾ ਚਾਹੀਦਾ ਹੈ, ਅਸੀਂ ਰਲ ਕੇ ਸਤਿਸੰਗ ਕਰੀਏ, ਪ੍ਰਭੂ ਦੇ ਗੀਤ ਗਾਈਏ। ਕਈ ਵਾਰ ਅਸੀਂ ਮਿਲ ਕੇ ਪ੍ਰਭੂ ਦੇ ਗੀਤ ਤਾਂ ਗਾਂਦੇ ਹਾਂ, ਸੁਖਮਨੀ ਸਾਹਿਬ ਦਾ ਪਾਠ ਕਰਦੇ ਹਾਂ, ਪਰ ਨਾਲ ਕਿਟੀ ਪਾਰਟੀ (Kitty Party) ਵੀ ਕਰਦੇ ਹਾਂ, ਅਰਥਾਤ ਅੰਮ੍ਰਿਤ ਵਿੱਚ ਵਿਸ਼ਟਾ ਮਿਲਾ ਕੇ ਖਾਂਦੇ ਹਨ ਤੇ ਅਪਣਾ ਹੋਰ ਨੁਕਸਾਨ ਕਰ ਬੈਠਦੇ ਹਾਂ ਇਸ ਭੁਲੇਖੇ ਅੰਦਰ ਕਿ ਅਸੀਂ ਧਾਰਮਕ ਬਣ ਗਏ ਹਾਂ। ਗੁਰੂ ਸਾਹਿਬ ਸਾਨੂੰ ਸਮਝਾਂਦੇ ਹਨ:

*ਆਵਹੁ ਭੈਣੇ ਗਲਿ ਮਿਲਹ, ਅੰਕਿ ਸਹੇਲੜੀਆਹ॥*
*ਮਿਲਿ ਕੈ ਕਰਹ ਕਹਾਣੀਆ, ਸੰਮ੍ਰਥ ਕੰਤ ਕੀਆਹ॥* (ਪੰਨਾ 17)

ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥
ਹਰਿ ਕੀਆ ਕਥਾ ਕਹਾਣੀਆ, ਗੁਰਿ ਮੀਤ ਸੁਣਾਈਆ॥ (ਪੰਨਾ 725)
ਭਲਕੇ ਉਠਿ ਪਰਾਹੁਣਾ ਮੇਰੇ ਘਰਿ ਆਵਉ॥
ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ॥ (ਪੰਨਾ 318)
ਆਉ ਜੀ ਤੂੰ ਆਉ ਹਮਾਰੈ, ਹਰਿ ਜਸੁ ਸ੍ਵਨ ਸੁਨਾਵਨਾ॥
ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ॥ (ਪੰਨਾ 1018)
ਹਰਿਜਨ ਸੰਤ ਮਿਲਹੁ ਮੇਰੇ ਭਾਈ॥
ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ॥ (ਪੰਨਾ 95)
ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹੁ॥ (ਪੰਨਾ 399)
ਚਲੁ ਸਖੀਏ ਪ੍ਰਭੁ ਰਾਵਣ ਜਾਹਾ॥ ਸਾਧ ਜਨਾ ਕੀ ਚਰਣੀ ਪਾਹਾ॥ (ਪੰਨਾ 742)
ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ॥ (ਪੰਨਾ 1185)
ਜੋ ਦੀਸੈ ਗੁਰਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ, ਗੁਰੁ ਸਜਣੁ ਦੇਹਿ ਮਿਲਾਇ ਜੀਉ॥
ਸੋਈ ਦਸਿ ਉਪਦੇਸੜਾ, ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥ (ਪੰਨਾ 763)

ਜਦੋਂ ਸਿੱਖ ਗੁਰੂ ਕੋਲ ਇਸ ਭਾਵਨਾ ਨਾਲ ਜਾਂਦਾ ਹੈ ਤਾਂ ਗੁਰੂ ਉਸਨੂੰ ਉਪਦੇਸ਼ ਦੇਂਦੇ ਹਨ ਕਿ ਭਾਈ ਉਹ ਕੰਮ ਕਰਿਆ ਕਰ ਜਿਸ ਨਾਲ ਤੇਰੇ ਮਨ ਨੂੰ ਮੈਲ ਨ ਲਗੇ:

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥ (ਪੰਨਾ 199)

ਯਾਦ ਰਖ, ਤੈਨੂੰ ਇਹ ਅਮੋਲਕ ਜਨਮ ਮਿਲਿਆ ਹੈ ਪ੍ਰਭੂ ਦਾ ਨਾਮ ਜਪਣ ਲਈ, ਤੂੰ ਇਸਨੂੰ ਕਉਡੀਆਂ ਬਦਲੇ ਨਾ ਰੋਲ ਦੇਈਂ:

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥
ਲਗਾ ਕਿਤੁ ਕੁਫਕੜੇ, ਸਭ ਮੁਕਦੀ ਚਲੀ ਰੈਣਿ॥ (ਪੰਨਾ 43)
ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕੁ ਪਾਇਓ, ਬਿਰਥਾ ਕਾਹਿ ਗਵਾਵਉ॥ (ਪੰਨਾ 219)
ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ, ਕਉਡੀ ਬਦਲੇ ਜਾਇ॥ (ਪੰਨਾ 156)
ਹਰਿਜਸੁ ਰੇ ਮਨਾ ਗਾਇ ਲੈ, ਜੋ ਸੰਗੀ ਹੈ ਤੇਰੋ॥
ਅਉਸਰੁ ਬੀਤਓ ਜਾਤੁ ਹੈ, ਕਹਿਓ ਮਾਨ ਲੈ ਮੇਰੋ॥ (ਪੰਨਾ 727)
ਸੰਤਹੁ ਸਾਗਰੁ ਪਾਰ ਉਤਰੀਐ॥
ਜੇ ਕੋ ਬਚਨੁ ਕਮਾਵੈ ਸੰਤਨ ਕਾ, ਸੋ ਗੁਰਪਰਸਾਦੀ ਤਰੀਐ॥ (ਪੰਨਾ 747)

ਇਸ ਤਰ੍ਹਾਂ ਸਤਿਸੰਗ ਵਿੱਚ ਸੁਤਾ ਹੋਇਆ ਮਨ ਜਾਗਦਾ ਹੈ, ਉਸਨੂੰ ਸਮਝ ਪੈਂਦੀ ਹੈ ਕਿ ਮਨ ਤੋਂ ਮਾਇਆ ਦਾ ਰੰਗ ਲਾਹ ਕੇ ਇਸ ਤੇ ਨਾਮ ਦਾ ਮਜੀਠਾ ਰੰਗ ਚਾੜ੍ਹਨ ਨਾਲ ਹੀ ਉਸਦੀ ਜ਼ਿੰਦਗੀ ਦਾ ਮਕਸਦ ਪੂਰਾ ਹੋਵੇਗਾ। ਫਿਰ ਉਸ ਅੰਦਰੋਂ ਹੂਕ ਨਿਕਲਦੀ ਹੈ:

ਚਿੰਤ ਭਵਨਿ ਮਨੁ ਪਰਿਓ ਹਮਾਰਾ॥
ਨਾਮ ਬਿਨਾ ਕੈਸੇ ਉਤਰਸਿ ਪਾਰਾ॥ (ਪੰਨਾ 478)
ਰਾਮਈਆ ਹਉ ਬਾਰਿਕ ਤੇਰਾ॥

*ਕਾਹੇ ਨ ਖੰਡਸਿ ਅਵਗਨੁ ਮੇਰਾ॥* (ਪੰਨਾ 478)

*ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥*
*ਹਮ ਅਗਿਆਨ ਅਲਪ ਮਤਿ ਥੋਰੀ, ਤੁਮ ਆਪਨ ਬਿਰਦੁ ਰਖਾਵਹੁ॥* (ਪੰਨਾ 674)

*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥*
*ਰਾਖਹੁ ਰਾਖਨੁਹਾਰ ਦਇਆਲਾ ਨਾਨਕ ਘਰ ਕੇ ਗੋਲੇ॥* (ਪੰਨਾ 674)

*ਤੁਮੁ ਕਰਹੁ ਦਇਆ ਮੇਰੇ ਸਾਈ॥*
*ਐਸੀ ਮਤਿ ਦੀਜੈ ਮੇਰੇ ਠਾਕੁਰ, ਸਦਾ ਸਦਾ ਤੁਧੁ ਧਿਆਈ॥* (ਪੰਨਾ 673)

ਇਸ ਤਰ੍ਹਾਂ ਅਰਦਾਸਾਂ ਕਰ-ਕਰ ਕੇ ਉਹ ਪ੍ਰਭੂ ਦੀ ਕਿਰਪਾ ਦਾ ਪਾਤਰ ਬਣਦਾ ਹੈ।

ਸਤਿਸੰਗਤ ਵਿੱਚ ਹੀ ਸਿੱਖ ਨੂੰ ਅਸਲੀ ਸੁਖ ਦੀ ਪਛਾਣ ਹੁੰਦੀ ਹੈ, ਉਸਨੂੰ ਪਤਾ ਲਗਦਾ ਹੈ ਕਿ ਸੁਖ ਨਾ ਪੈਸੇ ਵਿੱਚ ਹੈ, ਨਾ ਰੰਗ-ਤਮਾਸ਼ੇ ਵਿੱਚ, ਨਾ ਸੈਰ-ਸਪਾਟੇ ਵਿੱਚ, ਨਾ ਵਡੀ ਪੁਜੀਸ਼ਨ ਵਿਚ; ਸੁਖ ਤਾਂ ਕੇਵਲ ਤੇ ਕੇਵਲ ਨਾਮ ਵਿੱਚ ਹੈ, ਨਾਮ ਹੀ ਸਿੱਖ ਨੂੰ ਸਹਿਜ ਦਾ ਜੀਵਨ ਬਖਸ਼ਦਾ ਹੈ, ਉਸਨੂੰ ਫਿਰ ਦੁਨੀਆਵੀ ਸੁਖ-ਦੁਖ ਇਕੋ ਜਿਹੇ ਜਾਪਦੇ ਹਨ, ਕਿਉਂਕਿ ਨਾਮ ਨੇ ਉਸਨੂੰ ਭਾਣਾ ਮੰਨਣ ਦੀ ਫਿਲਾਸਫੀ ਸਮਝਾ ਦਿੱਤੀ ਹੈ; ਉਸਨੂੰ ਸੋਨਾ ਤੇ ਮਿੱਟੀ ਇੱਕੋ ਜਿਹੇ ਲਗਦੇ ਹਨ ਕਿਉਂਕਿ ਉਹ ਜਾਣ ਗਿਆ ਹੈ ਕਿ ਇਨ੍ਹਾਂ ਦੁਨੀਆਵੀ ਪਦਾਰਥਾਂ ਦੀ ਕੋਈ ਅਹਿਮੀਅਤ ਨਹੀਂ ਉਸਦੀ ਜ਼ਿੰਦਗੀ ਦੇ ਮਕਸਦ (ਗੋਬਿੰਦ ਮਿਲਨ) ਦੀ ਪੂਰਤੀ ਵਿੱਚ; ਹਰਖ ਤੇ ਸੋਗ ਵੀ ਉਸਨੂੰ ਵਿਚਲਿਤ ਨਹੀਂ ਕਰ ਸਕਦੇ ਕਿਉਂਕਿ ਉਹ ਦੋਹਾਂ ਹਾਲਤਾਂ ਵਿੱਚ ਸ਼ੁਕਰਾਨਾ ਕਰਦਾ ਹੈ; ਉਸ ਅੰਦਰ ਨਾ ਮਾਣ ਦੀ ਭੁਖ ਹੈ ਤੇ ਨਾ ਅਪਮਾਨ ਦਾ ਡਰ ਹੈ; ਉਸ ਅੰਦਰ ਕੋਈ ਦੁਨੀਆਵੀ ਆਸ ਨਹੀਂ, ਕਿਸੇ ਚੀਜ ਦੀ ਭੁਖ ਨਹੀਂ; ਉਹ ਤਾਂ ਮਰ ਕੇ ਜੀਉਂਦਾ ਹੈ, ਉਸ ਨਾ ਕੁਝ ਬਨਣਾ ਹੈ ਤੇ ਨਾ ਹੀ ਉਹ ਕੁਝ ਬਨਣਾ ਚਾਹੁੰਦਾ ਹੈ। ਗੁਰੂ ਕਿਰਪਾ ਸਦਕਾ, ਸਤਿਸੰਗਤ ਚੋਂ ਉਸ ਅੰਦਰ ਨਾਮ ਦਾ ਜੋ ਬੂਟਾ ਲਗਦਾ ਹੈ ਉਸ ਤੇ ਸੁਖ, ਸਹਿਜ ਤੇ ਆਨੰਦ ਦੇ ਫਲ ਲਗਦੇ ਹਨ, ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ:

*ਸੂਖ ਸਹਜ ਆਨੰਦ ਲਹਹੁ॥*
*ਸਾਧ ਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ॥* (ਪੰਨਾ 1147)

ਆਉ ਸਾਰੇ ਰਲ ਕੇ ਪ੍ਰਭੂ ਦੀ ਇਸ ਰਹਿਮਦਿਲੀ ਦਾ ਫਾਇਦਾ ਉਠਾਈਏ ਤੇ ਕਰੋੜਪਤੀ ਬਨਣ ਤੇ ਛੱਪਰ ਫਾੜ ਕੇ ਪਾਉਣ ਦੀਆਂ ਝੂਠੀਆਂ ਖਵਾਹਿਸ਼ਾਂ ਛਡ ਕੇ ਪ੍ਰਭੂ ਸੇਵਾ ਦੁਆਰਾ ਉਹ ਸੁਖ ਪ੍ਰਾਪਤ ਕਰੀਏ ਜੋ ਰਾਜਿਆਂ ਨੂੰ ਵੀ ਨਸੀਬ ਨਹੀਂ।

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੇਨਸ਼ਨ
ਲੁਧਿਆਣਾ - 141 002

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
**Sector: 22 - C, Chandigarh,**
**Ph.: 700045-48 Fax : 0172-700051**
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# ਪ੍ਰਭੂ ਨਾਮ ਤੇ ਉਹਦੀ ਪਰਿਭਾਸ਼ਾ


## ਸੋਹਣ ਸਿੰਘ

3027, ਸੈਕਟਰ 27-ਡੀ, ਚੰਡੀਗੜ੍ਹ 160 019


ਪ੍ਰਮਾਤਮਾ, ਨਿਰੰਕਾਰ ਜਾਂ ਪ੍ਰਭੂ ਦੀ ਪ੍ਰਾਪਤੀ ਕਲਿਜੁਗ ਵਿੱਚ ਕੇਵਲ ਹਰਿ ਨਾਮ ਰਾਹੀਂ ਹੀ ਹੋ ਸਕਦੀ ਹੈ। ਇਹ ਕਥਨੀ ਨਾ ਕੇਵਲ ਗੁਰੂ ਸਾਹਿਬ ਦੀ ਹੈ, ਬਲਕਿ ਧਰਮ, ਸ਼ਾਸਤਰਾਂ, ਸਿੰਮ੍ਰਿਤੀਆਂ ਤੇ ਹੋਰ ਸੰਤਾਂ ਦਾ ਵੀ ਇਹੀ ਵਿਚਾਰ ਹੈ। ਕਲਿਜੁਗ ਵਿੱਚ ਕੇਵਲ ਹਰਿ ਨਾਮ ਦੇ ਕੀਰਤਨ ਦੀ ਪ੍ਰਧਾਨਤਾ ਮੰਨੀ ਗਈ ਹੈ ਜਦੋਂ ਕਿ ਹੋਰਾਂ ਜੁਗਾਂ ਵਿੱਚ ਜਤੁ, ਸੰਜਮ ਤੇ ਤੀਰਥ ਇਸ਼ਨਾਨ ਇੱਕ ਧਰਮ ਸਮਝਿਆ ਜਾਂਦਾ ਰਿਹਾ ਹੈ।

*ਚਹੁ ਜੁਗਾਂ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ।*
*ਜਤੁ ਸੰਜਮ ਤੀਰਥ ਓਨਾ ਜੁਗਾ ਦਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ।*
*ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ।*
*ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ।* (ਪੰਨਾ 797)

ਪ੍ਰਾਣੀ ਦੀ ਦੇਹੀ ਵਿੱਚ ਨਿਰੰਕਾਰ ਦਾ ਵਾਸਾ ਹੈ, ਜੇ ਪ੍ਰੇਮ ਨਾਲ ਮਨ ਨੂੰ ਇਕਾਗਰ ਕਰਕੇ ਉਸਦਾ ਸਿਮਰਣ ਕੀਤਾ ਜਾਵੇ, ਹੋਰ ਦੁਨੀਆਂ ਦਾ ਕੰਮ ਕਾਜ, ਤ੍ਰਿਸ਼ਨਾ, ਫਿਕਰ ਤੋਂ ਉਪਰ ਉਠ ਮਨ ਨੂੰ ਦੇਹੀ ਤੋਂ ਉਪਰਾਮ ਕਰ, ਬਿਰਤੀ ਲਗਾਈ ਜਾਵੇ ਤਾਂ ਦੇਹੀ ਵਿੱਚੋਂ ਹੀ ਉਸ ਨਿਰੰਕਾਰ ਦੇ ਦਰਸ਼ਨ ਹੋ ਸਕਦੇ ਹਨ। ਇਹ ਕੰਮ ਇਕ ਦਿਨ ਦਾ ਨਹੀਂ ਬਲਕਿ ਲਗਾਤਾਰ ਉਸ ਪ੍ਰਤੀ ਲਿਵ ਲਗਾਉਣ ਦੀ ਲੋੜ ਹੈ।

*ਉਠੰਦਿਆਂ ਬਹੰਦਿਆਂ ਸਵੰਦਿਆ ਸੁਖੁ ਸੋਇ।*
*ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ।* (ਪੰਨਾ 321)

ਅੰਮ੍ਰਿਤ ਵੇਲੇ ਜਦੋਂ ਦੁਨੀਆਂ ਦਾ ਰੌਲਾ ਰੱਪਾ ਨ ਹੋਵੇ ਉਸ ਨਾਲ ਲਿਵ ਲਗਾਉਣੀ ਅਸਾਨ ਹੈ. ਵੈਸੇ ਤਾਂ ਜਿਸ ਵੇਲੇ ਵੀ ਲਿਵ ਲਗ ਜਾਵੇ ਉਹੀ ਅੰਮ੍ਰਿਤ ਵੇਲਾ ਸੁਹਾਵਣਾ ਹੁੰਦਾ ਹੈ।

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।* (ਪੰਨਾ 2)

ਸ੍ਰੀ ਗੁਰੂ ਨਾਨਕ ਸਾਹਿਬ ਤੇ ਗੁਰੂ ਅੰਗਦ ਸਾਹਿਬ ਨੇ ਮੂਲ ਮੰਤਰ (ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ) ਤੇ ਜਪੁਜੀ ਸਾਹਿਬ ਉਚਾਰਣ ਸਮੇਂ ੴ 'ਇੱਕ-ਓਅੰਕਾਰ' (ਸਰਬਸ਼ਕਤੀ-ਮਾਨ ਪ੍ਰਮਾਤਮਾ ਕੇਵਲ ਇੱਕ ਹੈ ਜੋ ਸਾਰੀ ਕਾਇਨਾਤ ਵਿੱਚ ਇੱਕ ਰਸ ਸਮਾ ਰਿਹਾ ਹੈ ਤੇ ਉਹੀ ਕੰਟਰੋਲ ਕਰਦਾ ਹੈ) ਨੂੰ ਹੀ ਸਤਿ (ਸੱਚ) ਨਾਮ ਦੀ ਪਦਵੀ ਦਿੱਤੀ ਹੈ। ਇਸ ਸਪੱਸ਼ਟਤਾ ਦੀ ਲੋੜ ਤਾਂ ਪਈ ਕਿਉਂਕਿ ਭਾਰਤੀ ਜੰਤਾ ਇੱਕ 'ॐ' ਨੂੰ ਭੁਲ ਅਨੇਕ ਦੇਵਤਿਆਂ ਦੀ ਪੂਜਾ ਵਿੱਚ ਰੁਝ ਗਈ ਸੀ। ਗੁਰੂ ਸਾਹਿਬਾਂ ਨੇ ਇਸ ਸ੍ਰੇਸ਼ਟ ਨਾਮ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਥਾਵਾਂ ਤੇ ਦਰਸਾਈ ਹੈ।

*ੴ ਸਤਿਨਾਮੁ ਗੁਰਪ੍ਰਸਾਦਿ*

ਉਹਨਾਂ ਨੇ ਇਸ ਪਵਿੱਤਰ 'ੴ' ਨਾਮ ਨੂੰ ਦਿਨ ਰਾਤ ਜਪਣ ਲਈ ਤਾਕੀਦ ਕੀਤੀ ਹੈ।

*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ*
*ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ।* (ਪੰਨਾ 670)

ਗੁਰੂ ਅਮਰਦਾਸ ਸਾਹਿਬ ਨੇ ਹਰਿ/ਰਾਮ ਦੇ ਨਾਮ ਨੂੰ ਜਪਣ ਦੀ ਤਾਕੀਦ ਕੀਤੀ ਹੈ।

*ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰੁ ਪੂਛਿ ਕਰਹਿ ਵਾਪਾਰੁ।*
*ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ।*
*ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ।*
*ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ।* (ਪੰਨਾ 28)

ਭਾਈ ਰੇ ਗੁਰਮਖਿ ਸਦਾ ਪਤਿ ਹੋਇ।

ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ। (ਪੰਨਾ 28)

ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ। (ਪੰਨਾ 26)

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ। (ਪੰਨਾ 29)

ਜੁਗ ਮਹਿ ਰਾਮ ਨਾਮੁ ਨਿਸਤਾਰਾ। ਗੁਰ ਤੇ ਉਪਜੈ ਸ਼ਬਦੁ ਵੀਚਾਰਾ।

ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ। (ਪੰਨਾ 768)

ਸ੍ਰੀ ਗੁਰੂ ਰਾਮਦਾਸ ਜੀ ਨੇ ਬੜੇ ਸਪੱਸ਼ਟ ਅੱਖਰਾਂ ਵਿੱਚ ਹਰਿ ਹਰਿ ਨੂੰ ਨਾਮ ਦਾ ਦਰਜਾ ਦਿੱਤਾ ਹੈ ਤੇ ਸ਼ਬਦ ਵੀ ਇਹਨੂੰ ਹੀ ਕਿਹਾ ਹੈ. ਗੁਰ ਮੰਤਰ ਵੀ ਇਹਨੂੰ ਹੀ।

ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ।

ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ। (ਪੰਨਾ 1313)

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ।

ਸ਼ਬਦ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ

ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ। (ਪੰਨਾ 1400)

ਹਮਰੇ ਜਗਜੀਵਨੁ ਹਰਿ ਪ੍ਰਾਨ।

ਹਰਿ ਊਤਮੁ ਰਿਦ ਅੰਤਰਿ ਭਾਇਓ ਗੁਰਿ ਮੰਤੁ ਦੀਓ ਹਰਿ ਕਾਨ। (ਪੰਨਾ 1335)

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਥਾਵਾਂ ਤੇ 'ਹਰਿ' ਤੇ 'ਰਾਮ' ਨੂੰ ਹੀ ਜਪਣ ਲਈ ਤਰਜੀਹ ਦਿੱਤੀ ਹੈ ਅਤੇ ਹਰਿ ਤੇ ਰਾਮ ਨੂੰ ਹੀ ਨਾਮ ਦਰਸਾਇਆ ਹੈ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ।

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤੁ ਬਿਖੁ ਲਹਿ ਜਾਏ ਰਾਮ। (ਪੰਨਾ 538)

ਸੁਖਮਨੀ ਸਾਹਿਬ 'ਚ ਵੀ ਕਈ ਦ੍ਰਿਸ਼ਟਾਂਤ 'ਹਰਿ' ਪ੍ਰਤੀ ਆਉਂਦੇ ਹਨ:

ਸਗਲ ਮਤਾਂਤ ਕੇਵਲ ਹਰਿ ਨਾਮ। ਗੋਬਿੰਦ ਭਗਤ ਕੈ ਮਨਿ ਬਿਸ੍ਰਾਮ।

ਆਠ ਪਹਰ ਜਨੁ ਹਰਿ ਹਰਿ ਜਪੈ। ਹਰਿ ਕਾ ਭਗਤੁ ਪ੍ਰਗਟ ਨਹੀ ਛਪੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ। ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।

ਤਿਸ ਬਿਨੁ ਨਾਹੀ ਤੇਰੈ ਕਿਛੁ ਕਾਮ। ਗਤਿ ਨਾਨਕ ਜਪਿ ਏਕ ਹਰਿ ਨਾਮ। (ਪੰਨਾ 262-296)

ਇਸਟ ਮੀਤ ਜਾਣੁ ਸਭ ਛਲੈ। ਹਰਿ ਹਰਿ ਨਾਮੁ ਸੰਗਿ ਤੇਰੈ ਚਲੈ।

ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ।

ਹਰਿ ਸਿਮਰਤ ਜਮੁ ਕਛੁ ਨ ਕਹੈ। (ਪੰਨਾ 889)

ਗੁਰੂ ਤੇਗ ਬਹਾਦੁਰ ਸਾਹਿਬ ਨੇ ਆਪਣੀ ਬਾਣੀ ਵਿੱਚ ਹਰਿ ਹਰਿ ਤੇ ਰਾਮ ਰਾਮ ਨੂੰ ਜਪਣ ਲਈ ਇਕੋ ਜਿਹੀ ਤਰਜੀਹ ਦਿੱਤੀ ਹੈ। ਦੋਨਾਂ ਨੂੰ ਨਾਮ ਦਾ ਰੁਤਬਾ ਦਿੱਤਾ ਜਾਪਦਾ ਹੈ।

ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾਤੇ ਕਾਜੁ ਸਰੈ। (ਪੰਨਾ 536)

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ।

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ। (ਪੰਨਾ 536)

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ।

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ। (ਪੰਨਾ 632)

ਮਨ ਰੇ ਸਾਚਾ ਗਹੋ ਬਿਚਾਰਾ।

ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ। (ਪੰਨਾ 703)

*ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤਿ।*
*ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ।* (ਪੰਨਾ 1428)
*ਰਾਮ ਨਾਮੁ ਉਰਿ ਮੈ ਗਹਿਓ ਜਾ ਕੈ ਸਮ ਨਹੀ ਕੋਇ।*
*ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ।* (ਪੰਨਾ 1429)

ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਮਾਤਮਾ ਦੀ ਯਾਦ 'ਹਰਿ' ਹਰਿ ਅਖਰਾਂ ਰਾਹੀਂ 8344 ਵਾਰੀ ਕੀਤੀ ਗਈ ਹੈ ਤੇ ਰਾਮ ਰਾਮ 2533 ਵਾਰੀ। ਹੋਰ ਵੀ ਕਈ ਅੱਖਰਾਂ ਨਾਲ ਪ੍ਰਮਾਤਮਾ ਨੂੰ ਸੰਬੋਧਨ ਕੀਤਾ ਗਿਆ ਹੈ। ਪ੍ਰੰਤੂ ਸਿਮਰਣ ਪ੍ਰਤੀ ੧ਓ, ਹਰਿ ਤੇ ਰਾਮ ਅੱਖਰ ਹੀ ਮਿੱਥੇ ਗਏ ਜਾਪਦੇ ਹਨ। ਵਾਹਿਗੁਰੂ ਅੱਖਰ ਵੀ 13 ਵਾਰੀ ਆਉਂਦਾ ਹੈ ਪ੍ਰੰਤੂ ਇਸ ਅੱਖਰ ਰਾਹੀਂ ਪ੍ਰਮਾਤਮਾ ਦਾ ਸਿਮਰਨ ਕਰਨ ਦੀ ਕੋਈ ਤਰਜੀਹ ਨਹੀਂ ਦਿੱਤੀ ਗਈ ਜਾਪਦੀ ਹੈ। ਇਹ ਅੱਖਰ ਗੁਰੂ ਪ੍ਰਸੰਨਤਾ ਤੇ ਗੁਰੂ ਦੀ ਅਸਚੱਰਜਤਾ ਜਤਾਉਂਦਾ ਜਾਪਦਾ ਹੈ। ਪਾਤਸ਼ਾਹੀ 3,4 ਅਤੇ 5 ਦੇ ਫ਼ੁਰਮਾਨ ਅਨੁਸਾਰ ੧ਓ, ਹਰਿ ਹਰਿ, ਰਾਮ ਰਾਮ ਅੱਖਰਾਂ ਦੇ ਸਿਮਰਣ ਦੁਆਰਾ ਹਉਮੈ ਦੀ ਮੈਲ ਕੱਟੀ ਜਾਂਦੀ ਦਰਸਾਈ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਉਪਾਸ਼ਕਾਂ ਲਈ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਪ੍ਰਮਾਤਮਾ ਦੀ ਭਗਤੀ ੧ਓ (ਇਕ-ਓ ਓ ਓਅੰਕਾਰ), ਹਰਿ ਹਰਿ, ਰਾਮ ਰਾਮ ਸ਼ਬਦਾਂ ਰਾਹੀਂ ਹੀ ਕੀਤੀ ਜਾਣੀ ਸ਼ੋਹਬਦੀ ਹੈ।

ਇਹਨਾਂ ਸ਼ਬਦਾਂ ਰਾਹੀਂ ਜਦੋਂ ਵੀ ਇੱਕ ਮਨ ਇੱਕ ਚਿਤ ਹੋ ਪ੍ਰਮਾਤਮਾ ਦੀ ਅਰਾਧਨਾ ਕੀਤੀ ਜਾਵੇ, ਤਾਂ ਲਿਵ ਲਗ ਜਾਣੀ, ਸਮਾਧੀ ਦੀ ਸਟੇਜ ਆ ਜਾਣੀ, ਅਨਹੱਦ ਸ਼ਬਦ ਦੀ ਮਿਠਾਸ ਭਰੀ ਝੰਕਾਰ ਸੁਣਾਈ ਦੇਣੀ, ਮਨ ਦਾ ਸਰੀਰ ਤੋਂ ਅਲੱਗ ਹੋ ਜਾਣਾ ਸੁਭਾਵਕ ਹੈ ਤੇ ਸ਼ਾਂਤੀ ਦਾ ਵਾਤਾਵਰਣ ਅਵੱਸ਼ ਹੀ ਹੋ ਜਾਣਾ ਚਾਹੀਦਾ ਹੈ।

ਇਸ ਪ੍ਰਾਣੀ ਦਾ ਇੱਕ ਥਾਂ ਤੇ ਬੈਠ ਕੇ ੧ਓ ਨੂੰ ਸਿਮਰਣ ਨਾਲ ਗੁਜ਼ਾਰਾ ਨਹੀਂ ਹੋਣਾ ਕਿਉਂਕਿ ਜੇ ਉਸ ਨੇ ਇਸ ਮਾਤ ਲੋਕ ਵਿੱਚ ਰਹਿ ਕੇ ਗ੍ਰਿਹਿਸਤੀ ਜੀਵਨ 'ਚ ਵਿਚਰਨਾ ਹੈ ਤੇ ਉਸ ਦਾਤੇ ਦੀ ਕਾਇਨਾਤ ਦਾ ਸੁਆਦ ਵੀ ਲੈਣਾ ਹੈ ਤਾਂ ਨਾਮ ਦੀਆਂ ਹੋਰ ਪਰਿਭਾਸ਼ਾਵਾਂ ਵੀ ਅਪਣਾਉਣੀਆਂ ਜ਼ਰੂਰੀ ਹੋ ਜਾਂਦੀਆਂ ਹਨ ਜਿੰਦਾਂ ਕਿ :

(1) ਪ੍ਰਮਾਤਮਾ ਇੱਕ ਪ੍ਰਮ ਸ਼ਕਤੀ ਹੈ ਤੇ ਇਸ ਸ਼ਕਤੀ ਤੋਂ ਬਗੈਰ ਕਾਇਨਾਤ ਵਿੱਚ ਕੋਈ ਵਸਤੂ ਨਹੀਂ ਹੈ।

*ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ।* (ਸੁਖਮਣੀ ਸਾਹਿਬ)
*ਨਾਮੇ ਹੀ ਤੇ ਸਭ ਕਿਛ ਹੋਆ ਬਿਨ ਸਤਿਗੁਰ ਨਾਮ ਨ ਜਾਪੇ।*
*ਜੇਤਾ ਕੀਤਾ ਤੇਤਾ ਨਾਉ। ਵਿਣੁ ਨਾਵੈ ਨਾਹੀ ਕੋ ਥਾਉ।* (ਜਪੁਜੀ ਸਾਹਿਬ)
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖਰ। ਕੀਨੇ ਰਾਮ ਨਾਮ ਇਕ ਆਖਰ।*
*ਨਾਮ ਕੇ ਧਾਰੇ ਸਿੰਮ੍ਰਿਤਿ ਬੇਦ ਪੁਰਾਨ। ਨਾਮ ਦੇ ਧਾਰੇ ਸੁਨਨ ਗਿਆਨ ਧਿਆਨ।* (ਸੁਖਮਣੀ ਸਾਹਿਬ)
*ਸਿੰਮ੍ਰਿਤਿ ਸਾਸਤ੍ ਬੇਦ ਚਾਰਿ ਖਟੁ ਦਰਸ ਸਮਾਸੀ।*
*ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ।* (ਪੰਨਾ 1100)
*ਜਬ ਉਦਕਰਖ ਕਰਾ ਕਰਤਾਰਾ। ਪ੍ਰਜਾ ਧਰਤ ਤਬ ਦੇਹ ਅਪਾਰਾ।*
*ਜਬ ਆਕਰਖ ਕਰਤ ਹੋ ਕਬਹੂੰ। ਤੁਮ ਮੈਂ ਮਿਲਤ ਦੇਹ ਧਰ ਸਭਹੂੰ।* (ਕਬਿਯਬਾਚ ਬੇਨਤੀ, ਚੌਪਈ)

ਜੋ ਇਸ ਪ੍ਰਮ ਸ਼ਕਤੀ ਦੀ ਕਾਇਨਾਤ ਤੇ ਕੌਤਕਾਂ, ਜਿਦਾਂ ਕਿ ਅਸਮਾਨੀ ਸਿਆਰੇ, ਉਹਨਾਂ ਦੀ ਗਰਦਸ਼, ਉਹਨਾਂ ਕਾਰਨ ਦਿਨ ਰਾਤ, ਸਰਦੀ, ਗਰਮੀ ਦੀਆਂ ਰੁੱਤਾਂ ਦਾ ਉਤਪਨ, ਅਗਨੀ, ਹਵਾ, ਧਰਤੀ ਤੇ ਤਰ੍ਹਾਂ ਤਰ੍ਹਾਂ ਦੀ ਉਪਜ, ਫਲ ਫਰੂਟ, ਅਨਾਜ; ਜੀਵ ਜੰਤੂ ਦਾ ਜੰਮਣਾ, ਮਰਨਾ, ਵਿਚਰਨਾ ਉਹਨਾਂ ਦੀਆਂ ਬੀਮਾਰੀਆਂ, ਤੁਫਾਨ, ਹੜ੍ਹ, ਜੁਆਲਾ ਮੁਖੀ ਵਗੈਰਾ ਵਗੈਰਾ ਨੂੰ ਗਹੁ ਨਾਲ ਅਨੁਭਵ ਕੀਤਾ ਜਾਵੇ ਤਾਂ ਮਨ ਵਿੱਚ ਅਸਚਰਜਤਾ ਦਾ ਪ੍ਰਭਾਵ ਪ੍ਰਵੇਸ਼ ਕਰਦਾ ਹੈ ਤੇ ਮੂੰਹ 'ਚੋਂ ਵਾਹਿ ਵਾਹਿ ਸ਼ਬਦ ਦਾ ਨਿਕਲਨਾ ਸੁਭਾਵਕ ਹੋ ਜਾਂਦਾ ਹੈ ਤੇ ਮਨ ਦੇ ਟਿਕਨ ਦੇ ਆਸਾਰ ਬਣ ਜਾਂਦੇ ਹਨ ਜੋ ਕਿ ਨਾਮ ਸਿਮਰਣ ਦੀ ਹੀ ਦੂਜੀ ਪਰਿਭਾਸ਼ਾ ਹੈ।

(2) ਪ੍ਰਮਾਤਮਾ ਦੇ ਨਾਮ ਦੀ ਤੀਸਰੀ ਵਿਆਖਿਆ ਉਸਦੀ ਸਿਫਤ ਸਲਾਹ ਜਾਂ ਉਸਦੇ ਗੁਣਾਂ ਦੀ ਕੀਰਤੀ ਹੈ ਚਾਹੇ ਜ਼ਬਾਨ ਰਾਹੀਂ, ਅੱਖਰਾਂ ਦੁਆਰਾ, ਰਾਗ ਵਿਦਿਆ ਜਾਂ ਨ੍ਰਿਤ ਦੁਆਰਾ ਕੀਤੀ ਜਾਵੇ ਤਾਂ ਮਨ ਅਕਾਗਰ ਹੋ ਬੈਠਦਾ ਹੈ। "ਜਿਸਨੋ ਬਖਸੇ ਸਿਫਤਿ ਸਾਲਾਹ ਨਾਨਕ ਪਾਤਿਸਾਹੀ ਪਾਤਿਸਾਹ।"

ਮਨ ਮੇਰੇ ਕਰਤੇ ਨੋ ਸਾਲਾਹਿ। ਸਭੇ ਛਡਿ ਸਿਆਣਪਾਂ ਗੁਰ ਕੀ ਪੈਰੀ ਪਾਹਿ। (ਪੰਨਾ 43)
ਹਰਿ ਕੀਰਤਿ ਉਤਮ ਨਾਮੁ ਹੈ ਵਿਚਿ ਕਲਿ ਜੁਗ ਕਰਣੀ ਸਾਰੁ।
ਕੀਰਤਨੁ ਨਿਰਮੋਲਕ ਹੀਰਾ। ਆਨੰਦ ਗੁਣੀ ਗਹੀਰਾ। (ਪੰਨਾ 893)
ਗੁਰਮੁਖਿ ਮਲਾਰ ਰਾਗ ਜੋ ਕਰਹਿ ਤਿਨ ਮਨ ਤਨ ਸੀਤਲ ਹੋਇ।
ਗੁਰਬਾਨੀ ਏਕੁ ਪਛਾਣਿਆ ਏਕੋ ਸਚਾ ਸੋਇ।
ਸੋਰਠ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ।
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ। (ਪੰਨਾ 1254)
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ।
ਰਬਾਬੁ ਪਖਾਵਜ ਤਾਲ ਘੁੰਘਰੂ, ਅਨਹਦ ਸਬਦੁ ਵਜਾਵੈ। (ਪੰਨਾ 381)

(3) ਪ੍ਰਮਾਤਮਾ ਦੇ ਨਾਮ ਦੀ ਚੌਥੀ ਪਰਿਭਾਸ਼ਾ ਸੱਚਾ ਪ੍ਰੇਮ ਹੈ ਚਾਹੇ ਉਸ ਪ੍ਰਮ ਸ਼ਕਤੀ ਨਾਲ ਕੀਤਾ ਜਾਵੇ ਜਾਂ ਉਸਦੀ ਬਨਾਈ ਹੋਈ ਕਾਇਨਾਤ ਨਾਲ ਜਾਂ ਜੀਵ ਜੰਤੂ ਨਾਲ਼।

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ।
ਸਾਚੁ ਕਹੋ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ। (ਤ੍ਵਪ੍ਰਸਾਦਿ ਸਵੱਯੇ ਪਾਤਸ਼ਾਹੀ 10)
ਸੁਣਿਆ ਮੰਨਿਆ ਮਨਿ ਕੀਤਾ ਭਾਉ।
ਅੰਤਰਗਤਿ ਤੀਰਥਿ ਮਲਿ ਨਾਉ। (ਜਪੁਜੀ ਸਾਹਿਬ)
ਓਹਾ ਪ੍ਰੇਮ ਪਿਰੀ। ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ। (ਪੰਨਾ 406)
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ। ਮੈਂ ਤਉ ਮੋਲਿ ਮਹਗੀ ਲਈ ਜੀਅ ਸਟੈ। (ਪੰਨਾ 694)

(4) ਸਰਬ ਸ਼ਕਤੀਮਾਨ ਦੇ ਨਾਮ ਦੀ ਪੰਜਵੀਂ ਸਪੱਸ਼ਟਤਾ ਹੋਉਮੈ ਤੋਂ ਛੁਟਕਾਰਾ ਜਾਂ ਜਿਉਂਦੇ ਜੀ ਮਰਨਾ ਹੈ।

ਗਰਬ ਨ ਕੀਜੈ ਰੇਨ ਰਵੀਜੇ ਤਾ ਗਤ ਜੀਅਰੇ ਤੇਰੀ।
ਅਨੰਦ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ।
ਜਲਿ ਜਾਓ ਏਹੁ ਬਡਪਨਾ ਮਾਇਆ ਲਪਟਾਏ।
ਮਤਿ ਹੋਈ ਹੋਇ ਇਆਣਾ। ਤਾਣ ਹੋਵੇ ਹੋਇ ਨਿਤਾਣਾ।
ਅਣਹੋਦੇ ਆਪੁ ਵੰਡਾਏ। ਕੋ ਐਸਾ ਭਗਤੁ ਸਦਾਏ।
ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ। (ਪੰਨਾ 1375)

(5) ਨਾਮ ਦੀ ਛੇਵੀਂ ਪਰਿਭਾਸ਼ਾ ਪ੍ਰਭੂ ਵਿਸ਼ਵਾਸ਼ ਜਾਂ ਪ੍ਰਭੂ ਆਸਰਾ ਹੈ।

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ। ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ। (ਸੁਖਮਣੀ ਸਾਹਿਬ)
ਏਕਾ ਟੇਕ ਮੇਰੈ ਮਨ ਚੀਤ, ਜਿਸੁ ਕਿਛੁ ਕਰਣਾ ਸੁ ਹਮਰਾ ਮੀਤ।
ਕਿਸ ਹੀ ਕੋਈ ਕੋਇ ਮੰਜ ਨਿਮਾਣੀ ਇਕ ਤੂੰ।
ਕਿਉਂ ਨ ਮਰੀਜੇ ਰੋਇ ਜਾ ਲਗ ਚਿਤ ਨ ਆਵਹੀ।
ਤੁਧ ਊਪਰ ਮੇਰਾ ਹੈ ਮਾਨਾ ਤੂੰ ਹੈ ਮੇਰਾ ਤਾਨਾ ਰਾਮ।

ਪ੍ਰਹਿਲਾਦ ਨੇ ਜੋ ਭਗਤੀ ਕੀਤੀ ਵਿਸ਼ਵਾਸ਼ ਅਧਾਰ ਕੀਤੀ ਤੇ ਪ੍ਰਭੂ ਭਗਤ ਕਹਿਲਾਇਆ ਕਬੀਰ ਸਾਹਿਬ, ਰਵਿਦਾਸ ਜੀ, ਭਗਤ ਨਾਮਦੇਵ ਜੀ ਨੇ ਜੋ ਕਰਾਮਾਤਾਂ ਦਿਖਲਾਈਆਂ ਉਹ ਪ੍ਰਭੂ ਵਿਸ਼ਵਾਸ਼ ਦੇ ਆਧਾਰਤ ਸਨ। ਇਸੇ ਲਈ ਉਹ ਸਾਡੇ ਲਈ ਚਾਨਣ ਮਨਾਰੇ ਬਣ ਬੈਠੇ।

(6) ਨਾਮ ਦੀ ਅਗਲੀ ਸਪੱਸ਼ਟਤਾ ਹਉਮੈ ਰਹਿਤ ਨਿਸ਼ਕਾਮ ਸੇਵਾ, ਇਹ ਇਨਸਾਨਾਂ/ਸਾਧੂਆਂ ਦੀ ਹੋਵੇ ਜਾਂ ਕਿਸੇ ਜੀਵ ਜੰਤੂ ਦੀ:

ਨਿਮਖ ਨਿਮਖ ਏਹੀ ਆਰਾਧਉ। ਦਿਨਸ ਰੈਣਿ ਏਹ ਸੇਵਾ ਸਾਧਉ।

*ਐਸੀ ਮਾਂਗੁ ਗੋਬਿੰਦ ਤੇ ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਜਪੁ।*

(7) ਨਾਮ ਦੀ ਸਭ ਤੋਂ ਉੱਚੀ ਪੌੜੀ

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।* (ਪੰਨਾ 62)

ਇਸ ਵਿੱਚ ਦਯਿਆ, ਧਰਮ ਪਰਭੂਰ ਜਿੰਦਗੀ ਵਿਉਤੀਤ ਕਰਨੀ, ਸਚਾ ਪਿਆਰ, ਸਚਾ ਵਿਉਪਾਰ, ਸ਼ੁਧ ਆਹਾਰ, ਉਚੇ ਵਿਚਾਰ, ਤੇ ਉਤਮ ਪ੍ਰਚਾਰ ਦੀ ਲੋੜ ਹੈ ਤਾਂ ਜੋ ਮਾਤ ਲੋਕ ਸਤਿਜੁਗ ਬਨ ਜਾਵੇ। "*ਮਾਨਸ ਕੀ ਜਾਤ ਏਕੈ ਪਹਿਚਾਨਬੋ*" ਦੇ ਅਸੂਲਾਂ ਤੇ ਚਲਦਿਆਂ ਹੋਇਆਂ ਹਰ ਇੱਕ ਦੀ ਯਥਾ ਸ਼ਕਤੀ ਲੋੜ ਪੂਰੀ ਕਰਨੀ, ਕਿਸੇ ਦਾ ਹੱਕ ਨਾ ਮਾਰਨਾ, ਅਪਨੀ ਡਿਊਟੀ ਪੂਰੀ ਤਰ੍ਹਾਂ ਨਿਭਾਉਣੀ ਤਾਂ ਜੋ ਲੋਕ ਪ੍ਰਲੋਕ 'ਚ ਯੱਸ਼ ਖੱਟ ਸਕੇ।

"*ਹਮ ਨਹੀ ਚੰਗੇ ਬੁਰਾ ਨਹੀ ਕੋਇ*" ਦੇ ਮਹਾਂ ਵਾਕਾਂ ਅਨੁਸਾਰ ਚੁਗਲੀ ਨਿੰਦਿਆ ਤ੍ਰਿਸ਼ਨਾ ਤੋਂ ਨਿਰਲੇਪ ਹੋ ਜ਼ਿੰਦਗੀ ਗੁਜਾਰੇ ਤਾਂ ਜੋ ਅਸਲੀ ਅਰਥਾਂ ਵਿੱਚ ਗੁਰਮੁਖਿ/ਸੰਤ ਹੋ ਗੁਜ਼ਰੇ।

ਪ੍ਰਮਾਤਮਾ ਦੇ ਨਾਮ ਦੇ ਲੱਛਨਾ ਦੀ ਚਮਤਕਾਰ ਉਸ ਪ੍ਰਾਣੀ ਤੋਂ ਟਪਕਦੀ ਹੈ ਜਿਸ ਨੇ ਉਸ ਅਗੇ ਸ਼ਰਤ ਰਹਿਤ ਆਤਮ ਸਮਰਪਣ ਕੀਤਾ ਹੋਵੇ, ਉਸ ਦੇ ਭਾਣੇ ਵਿੱਚ ਰਹਿੰਦਿਆਂ ਹਮੇਸ਼ਾਂ ਸ਼ੁਕਰਾਨਾ ਹੀ ਕਰਦਾ ਹੋਵੇ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।*
*ਹੁਕਮ ਰਜ਼ਾਈ ਚਲਨਾ ਨਾਨਕ ਲਿਖਿਆ ਨਾਲਿ।।* (ਜਪੁਜੀ ਸਾਹਿਬ)

*ਤੇਰਾ ਕੀਆ ਮੀਠਾ ਲਾਗੈ, ਹਰਿ ਨਾਮਿ ਪਦਾਰਥ ਨਾਨਕ ਮਾਂਗੇ।*
*ਏਕਾ ਏਕ ਮੇਰੇ ਮਨ ਚੀਤ। ਜਿਸ ਕਿਛੁ ਕਰਣਾ ਸੁ ਹਮਰਾ ਮੀਤੁ।* (ਪੰਨਾ 187-188)

*ਕੀਤਾ ਕਰਨਾ ਸਰਬ ਰਜਾਈ ਕਿਛ ਕੀਜੈ ਜੇ ਕਰ ਸਕੀਐ*
*ਅਪਨਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ।* (ਪੰਨਾ 878)

*ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਦੀ ਸਿਖ ਸੁਣੀ।*
*ਜੋ ਤਿਸੁ ਭਾਵੈ ਸੁ ਥੀਐ ਇਨ ਬਿਧਿ ਕੰਤ ਮਿਲੀ।*
*ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸਮਾਲਿਓਇ*
*ਨਾਨਕੁ ਕਹੈ ਸਿਆਣੀਐਏ ਇਉ ਕੰਤ ਮਿਲਾਵਾ ਹੋਏ।* (ਪੰਨਾ 792)

ਗੁਰੂ ਨਾਨਕ ਸਾਹਿਬ ਦਾ ਸਿੱਖ ਬਣਨਾ ਕੋਈ ਸੌਖੀ ਗੱਲ ਨਹੀਂ। ਕੇਸ, ਦਾੜ੍ਹੀ ਰੱਖਣ ਨਾਲ ਸਿੱਖ ਦੀ ਵਰਦੀ ਤਾਂ ਪਹਿਨੀ ਜਾ ਸਕਦੀ ਹੈ ਪਰੰਤੂ ਗੁਣ ਗ੍ਰਹਿਣ ਕਰਨ ਲਈ "*ਸਿਰ ਧਰ ਤਲੀ ਗਲੀ ਮੇਰੀ ਆਉ*" ਯਨੀ ਕਿ ਪੂਰਾ ਆਤਮਕ ਸਮਰਪਣ ਕਰਨ ਉਪਰੰਤ ਹੀ ਉਪਰੋਕਤ ਨਾਮ ਦੀ ਪਰਿਭਾਸ਼ਾ ਮਨ ਵਿੱਚ ਜਗ੍ਹਾ ਬਨਾਉਂਦੀ ਹੈ ਤੇ ੴ, ਹਰਿ ਹਰਿ, ਰਾਮ ਰਾਮ ਦਾ ਹਿਰਦੇ ਵਿੱਚ ਵਾਸਾ ਹੁੰਦਾ ਹੈ। ਉਹ ਪ੍ਰਾਣੀ ਫਿਰ ਭਗਤ ਕਬੀਰ ਸਾਹਿਬ ਦੇ ਕਥਨ ਅਨੁਸਾਰ ਹਰ ਪਾਸੇ ਪ੍ਰਭੂ ਹੀ ਵੇਖਦਾ ਹੈ।

*ਕਬੀਰ ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨ ਹੂੰ।*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਵੇਖਉ ਤਤ ਤੂੰ।* (ਪੰਨਾ 1375)

ਗੁਰਦੁਆਰਿਆਂ ਵਿੱਚ ਸਵੇਰੇ ਪਾਠ ਹੁੰਦਾ ਹੈ, ਕੀਰਤਨ ਹੁੰਦਾ ਹੈ ਪਰੰਤੂ ਨਾਮ ਸਿਮਰਣ ਲਈ ਕੋਈ ਸਮਾਂ ਨਹੀਂ ਦਿੱਤਾ ਜਾਂਦਾ ਹੈ ਅਤੇ ਨਾਂ ਹੀ ਆਚਰਨ ਦਾ ਮਿਆਰ ਉੱਚਾ ਕਰਨ ਦਾ ਕੋਈ ਖਾਸ ਉਪਰਾਲਾ ਕੀਤਾ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਸਿਖੀ ਨੂੰ ਢਾਹ ਲਗਦੀ ਚਲੀ ਜਾ ਰਹੀ ਹੈ। ਅੱਜ ਕਲ੍ਹ ਅੰਮ੍ਰਿਤ ਧਾਰੀਆਂ ਦੀ ਗਿਣਤੀ ਵਧਾਉਣ ਦੀ ਬਜਾਏ ਆਚਰਨ ਦਾ ਮਿਆਰ ਉੱਚਾ ਕਰਨ ਲਈ ਉਪਰੋਕਿਤ ਪਰਿਭਾਸ਼ਾ ਦਾ ਪ੍ਰਚਾਰ ਕੀਤਾ ਜਾਵੇ ਅਤੇ ਇਹਨਾਂ ਦੀ ਕਮਾਈ ਤੇ ਜ਼ੋਰ ਲਗਾਇਆ ਜਾਵੇ ਤਾਂ ਅਸੀਂ ਅਸਲ ਸਿੱਖੀ ਵਾਸਤੇ ਕਾਫੀ ਜ਼ਿਆਦਾ ਸੇਵਾ ਕਰ ਸਕਾਂਗੇ। ਉਹ ਤਾਂ ਹੀ ਹੋ ਸਕਦਾ ਹੈ ਜੇ ਪਰਚਾਰਕ, ਲੀਡਰ ਤੇ ਅਸੀਂ ਨਿੱਜੀ ਤੌਰ ਤੇ ਉਪਰੋਕਤ ਨਾਮ ਦੀ ਪਰਿਭਾਸ਼ਾ ਦੇ ਨਮੂਨੇ ਹੋ ਗੁਜਰੀਏ। ਇਸ ਤਰ੍ਹਾਂ ਕੇਸਾਂ ਦੀ ਬੇਅਦਬੀ ਦੇ ਰੌ ਤੇ ਨਸ਼ਿਆਂ ਦੇ ਬੋਲਬਾਲੇ ਨੂੰ ਠਲ੍ਹ ਪੈ ਸਕੇਗੀ।

# ਗੁਰ ਬਿਨੁ ਗਿਆਨੁ ਨ ਹੋਇ


## ਸਤਨਾਮ ਕੌਰ

ਬੀ- 304, ਸਾਲਵੇਡੋਰ ਸ਼ਾਸਤਰੀ ਨਗਰ, 4-ਬੰਗਲੋ, ਅੰਧੇਰੀ (ਵੈਸਟ), ਮੁੰਬਈ 400 050


ਸੰਸਾਰ ਦੇ ਸਾਰ ਕੰਮ ਠੀਕ ਤਰ੍ਹਾਂ ਕਰਨ ਲਈ ਸਾਨੂੰ ਗਿਆਨ ਦੀ ਲੋੜ ਹੈ। ਜਿਵੇਂ :

★ ਚੰਗਾ ਖਾਣਾ ਬਨਾਣ ਲਈ ਕੁਕਿੰਗ ਦੇ ਗਿਆਨ ਦੀ ਲੋੜ ਹੈ। ★ ਕੋਈ ਮਸ਼ੀਨ ਬਨਾਣੀ ਹੋਵੇ ਤਾਂ ਉਸ ਦਾ ਗਿਆਨ ਹੋਣਾ ਚਾਹੀਦਾ ਹੈ। ★ ਬਿਜ਼ਨਸ ਕਰਨਾ ਹੋਵੇ ਜਾਂ ਆਪਣੇ ਕਾਰੀਗਰਾਂ ਨਾਲ ਡੀਲ ਕਰਨਾ ਹੋਵੇ- ਗਿਆਨ ਦੀ ਲੋੜ ਹੈ। ★ ਕਾਰ ਚਲਾਣੀ ਹੋਵੇ ਡਰਾਈਵਿੰਗ ਦਾ ਗਿਆਨ ਲਾਜ਼ਮੀ ਹੈ।

ਇਸੇ ਤਰ੍ਹਾਂ ਸਾਨੂੰ ਮਨ ਦੀ ਸੱਚੀ ਖੁਸ਼ੀ ਹਾਸਲ ਕਰਨ ਲਈ ਤੇ ਭਵਸਾਗਰ ਤੋਂ ਪਾਰ ਹੋਣ ਲਈ ਗੁਰੂ ਦੇ ਗਿਆਨ ਦੀ ਅਤਿਅੰਤ ਲੋੜ ਹੈ। ਉਹ ਰੱਬੀ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਇਹ ਗਿਆਨ ਅਥਾਹ ਹੈ ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

ਸਭ ਤੋਂ ਪਹਿਲਾਂ ਇਹ ਵੇਖਣਾ ਹੈ ਕਿ ਗੁਰੂ ਦਾ ਕੀ ਮਤਲਬ ਹੈ? ਗੁਰੂ means ਧਾਰਮਕ ਟੀਚਰ। ਜੋ ਅਗਿਆਨਤਾ ਦਾ ਅੰਧੇਰਾ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰੇ। ਜੋ ਸਾਨੂੰ ਆਤਮ ਤੱਤ ਦੀ ਪਹਿਚਾਣ ਕਰਾਏ। ਸਾਡਾ ਮਨ ਅਗਿਆਨਤਾ ਦੇ ਘੁੱਪ ਅੰਧੇਰੇ ਵਿੱਚ ਹੈ ਉਸ ਨੂੰ ਗਿਆਨ ਦੇ ਪ੍ਰਕਾਸ਼ ਨਾਲ ਰੋਸ਼ਨ ਕਰਨ ਹੈ:

*ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥* (ਪੰਨਾ 450)

*ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਗਿਆਨ ਦੀਪਾਇਓ॥* (ਪੰਨਾ 241)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ ਆਪਣਾ ਗੁਰੂ ਮੰਨਿਆ ਹੈ ਕਿਉਂਕਿ ਅਕਾਲ ਪੁਰਖ ਹੀ ਕਰਤਾ ਪੁਰਖ ਹੈ। ਉਸ ਨੇ ਸੰਸਾਰ ਦੀ ਰਚਨਾ ਕੀਤੀ ਹੈ ਅਤੇ ਸੰਸਾਰ ਨੂੰ ਗਿਆਨ ਵੀ ਦੇ ਰਿਹਾ ਹੈ। ਮੈਨੂੰ ਬਚਪਨ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਅਟਰੈਕਟ (attract) ਕੀਤਾ ਹੈ- ਕਨਵਿਨਸ (convince) ਕੀਤਾ ਹੈ- ਜੀਵਨ ਦੇ ਹਰ ਉਤਾਰ ਚੜ੍ਹਾਵ ਵਿੱਚ ਗਾਈਡ (guide) ਕੀਤਾ ਹੈ- ਕਿਵੇਂ? ਉਹ ਦੱਸਣ ਦੀ ਕੋਸ਼ਿਸ਼ ਕਰਾਂਗੀ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਬਾਣੀ ਹੈ ਉਸ ਦੀ ਰਚਨਾ ਵਾਹਿਗੁਰੂ ਅਕਾਲ ਪੁਰਖ ਨੇ ਆਪ ਕੀਤੀ ਹੈ ਇਸ ਲਈ ਇਹ ਬਾਣੀ ਸੱਚੀ ਹੈ। ਹਰ ਮਨੁੱਖ ਇਸ ਨੂੰ ਸਮਝ ਕੇ ਆਪਣੀ ਮੰਜ਼ਿਲ ਤਕ ਪਹੁੰਚ ਸਕਦਾ ਹੈ। ਕਿਉਂਕਿ ਇਹ ਬਾਣੀ ਧੁਰ ਤੋਂ ਆਈ ਹੈ ਅਤੇ ਧੁਰ ਤਕ ਲੈ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਗਿਆਨ ਸੰਪੂਰਨ ਹੈ- ਸੰਸਾਰ ਦੇ ਦੂਸਰੇ ਸਾਰੇ ਗਿਆਨ ਅਧੂਰੇ ਹਨ ਜਿਵੇਂ ਲਾਇਕ ਤੋਂ ਲਾਇਕ ਡਾਕਟਰ ਕੋਲੋਂ ਵੀ ਗਲਤੀ ਹੋ ਜਾਂਦੀ ਹੈ। ਸਿਆਣੇ ਤੋਂ ਸਿਆਣੇ ਜੋਤਸ਼ੀ ਦਾ ਗਿਆਨ ਵੀ ਅਧੂਰਾ ਹੋ ਸਕਦਾ ਹੈ ਕਿਉਂਕਿ ਉਹ ਮਨੁੱਖਾਂ ਦਾ ਭਵਿਸ਼ ਪੂਰੀ ਤਰ੍ਹਾਂ ਨਹੀਂ ਬਿਆਨ ਕਰ ਸਕਦੇ। ਉਸ ਵਿੱਚ ਭੁੱਲ ਹੋ ਜਾਂਦੀ ਹੈ ਪਰ ਇਹ ਬਾਣੀ ਸੰਪੂਰਨ ਹੈ ਇਸਦੇ ਗਿਆਨ ਨਾਲ ਅਸੀਂ ਆਪਣਾ ਲੋਕ ਸੁਖੀ ਤੇ ਪ੍ਰਲੋਕ ਸੁਹੇਲਾ ਕਰ ਸਕਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ highest level ਦਾ ਗਿਆਨ ਹੈ। ਜਿਸਨੂੰ ਸਮਝਣ ਨਾਲ ਜਨਮ ਮਰਨ ਦਾ ਗੇੜ ਕਟਿਆ ਜਾ ਸਕਦਾ ਹੈ। ਜਿਵੇਂ ਕਿਸੇ departmental store ਵਿੱਚ ਹਰ ਚੀਜ਼ ਮੌਜੂਦ ਹੁੰਦੀ ਹੈ ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹਰ level ਦਾ ਮਨੁੱਖ ਸਮਝ ਸਕਦਾ ਹੈ। ਇਸ ਵਿੱਚ ਸਰਲ ਤੋਂ ਸਰਲ ਬਾਣੀ ਵੀ ਹੈ ਅਤੇ ਕਠਿਨ ਤੋਂ ਕਠਿਨ ਬਾਣੀ ਵੀ ਹੈ।

Example (ਸਰਲ ਬਾਣੀ ਦਾ) : *ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੇ ਲੇਹ।* (ਪੰਨਾ 1427)

Example (ਕਠਿਨ ਬਾਣੀ ਦਾ) : ਹੁਕਮਿ ਰਜਾਈ ਚਲਣਾ...।

*ਪ੍ਰਭ ਕੈ ਸਿਮਰਨਿ ਕਮਲ ਬਿਗਾਸਨ।* (ਪੰਨਾ 263)

ਇਸ ਬਾਣੀ ਦੀ ਸਭ ਤੋਂ ਵੱਡੀ ਮਹਿਮਾ ਇਹ ਹੈ ਕਿ ਜੇਕਰ ਇਸਨੂੰ ਸਮਝ ਕੇ ਪੜ੍ਹੀਏ ਤਾਂ ਹਰ ਸ਼ੰਕੇ ਦਾ ਨਿਵਾਰਨ ਹੁੰਦਾ ਹੈ। **Message:** ਬਾਣੀ ਨੂੰ ਸਮਝ ਕੇ ਭਾਉ ਨਾਲ ਪੜ੍ਹਨਾ ਜ਼ਰੂਰੀ ਹੈ। ਕੇਵਲ ਇਹ ਗੁਰੂ ਕਹਿਣ ਨਾਲ ਕੁਛ ਨਹੀਂ ਬਣਦਾ। ਸਚਮੁਚ ਅੰਦਰੋਂ ਮੰਨਣਾ ਕਿ ਇਹ ਇਲਾਹੀ ਬਾਣੀ ਹੈ ਅਤੇ ਇਸ ਨਾਲ ਮੇਰਾ ਪਾਰ ਉਤਾਰਾ ਹੋਵੇਗਾ। **Pledge:** ਜਿਤਨਾ ਹੋ ਸਕੇ ਆਪ ਪਾਠ ਕਰੀਏ, ਅਰਥ ਭਾਵ ਸਮਝੀਏ ਤੇ ਇਸ ਅਨਮੋਲ ਖਜਾਨੇ ਨੂੰ ਸੰਸਾਰ ਵਿੱਚ ਵੰਡੀਏ।

# ਮਨ ਘੜਤ ਧਾਰਨਾ ਨਾਲ ਗੁਰਬਾਣੀ ਦਾ ਕੀਰਤਨ

**ਗੁਰਮੁਖ ਸਿੰਘ**

105, Mohindra Complex Kheri Road, Patiala 147 001

1. ਗੁਰਬਾਣੀ ਦੇ ਕੀਰਤਨ ਸਮੇਂ, ਧਾਰਨਾ-ਭਾਵ ਉਹ ਤੁਕ ਜੋ ਬਾਰ ਬਾਰ ਗਾਈ ਜਾਂਦੀ ਹੈ, ਗੁਰਬਾਣੀ ਦੇ ਸ਼ਬਦ ਵਿੱਚੋਂ ਹੀ ਹੋਣੀ ਚਾਹੀਦੀ ਹੈ। ਆਮ ਤੌਰ ਤੇ ਧਾਰਨਾ 'ਰਹਾਉ' ਦੀ ਤੁਕ ਹੁੰਦੀ ਹੈ, ਕਿਉਂਕਿ ਇਹ ਸ਼ਬਦ ਦਾ ਸਾਰ ਅੰਸ਼ ਜਾਂ ਮੂਲ ਭਾਵ ਦਰਸਾਉਂਦੀ ਹੈ।
2. ਪਰ ਅੱਜ ਕਲ ਟੀ. ਵੀ. ਚੈਨਲਾਂ ਅਤੇ ਗੁਰਦੁਆਰਿਆਂ ਵਿੱਚ ਕੀ ਸੁਣਨ ਵਿੱਚ ਆ ਰਿਹਾ ਹੈ? ਗੁਰਬਾਣੀ ਦਾ ਕੀਰਤਨ ਮਨ-ਘੜਤ ਧਾਰਨਾ ਨਾਲ ਕੀਤਾ ਜਾ ਰਿਹਾ ਹੈ। ਕੀ ਇਹ ਗੁਰਮਤਿ ਦੇ ਅਨੁਕੂਲ ਹੈ? ਆਓ ਜਰਾ ਵਿਚਾਰੀਏ।
3. **ਗੁਰਬਾਣੀ ਦੀ ਉਸਤਤ:** ਗੁਰਸਿਖਾਂ ਨੂੰ ਸਮਝਾਉਣ ਵਾਸਤੇ ਅਤੇ ਅੰਮ੍ਰਿਤ ਮਈ ਗੁਰਬਾਣੀ ਦੇ ਲੜ ਲਾਉਣ ਵਾਸਤੇ ਗੁਰੂ ਸਾਹਿਬਾਨ ਨੇ ਆਪ ਗੁਰਬਾਣੀ ਦੀ ਉਸਤਤ ਉਚਾਰਨ ਕੀਤੀ ਅਤੇ ਅੰਕਤ ਕੀਤੀ ਹੈ। ਗੁਰਬਾਣੀ ਨੂੰ ਸੰਤ ਸਰੂਪ, ਅੰਮ੍ਰਿਤ ਬਚਨ, ਧੁਰ ਕੀ ਬਾਣੀ ਅਤੇ ਨਿਰੰਕਾਰ ਕਿਹਾ ਗਿਆ ਹੈ।

   ੳ) ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸ ਜੇਵਡੁ ਅਵਰ ਨ ਕੋਇ॥

   ਅ) ਸਤਿਗੁਰ ਕੀ ਬਾਣੀ ਸਤਿ ਸਰੂਪ ਹੈ, ਗੁਰਬਾਣੀ ਬਣੀਐ॥

   ੲ) ਬਾਣੀ ਗੁਰੂ ਗੁਰੂ ਹੈ ਬਾਣੀ॥ ਵਿਚ ਬਾਣੀ ਅੰਮ੍ਰਿਤ ਸਾਰੇ॥

   ਸ) ਗੁਰ ਪੂਰੇ ਕੀ ਬਾਣੀ॥ ਪਾਰਬ੍ਰਮ ਮਨਿ ਭਾਣੀ॥

   ਹ) ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥
4. **ਕਚੀ ਬਾਣੀ ਦੀ ਚਿਤਾਵਨੀ:** ਗੁਰੂ ਸਾਹਿਬਾਨ ਨੇ ਜਿੱਥੇ ਗੁਰਬਾਣੀ ਦੀ ਉਸਤਤ ਉਚਾਰਨ ਕੀਤੀ ਹੈ, ਉੱਥੇ ਨਾਲ ਹੀ ਗੁਰਬਾਣੀ ਦੇ ਸਰੂਪ ਵਗਾੜਨ ਵਾਲੇ ਅਤੇ ਗੁਰੂ ਦੀ ਰੀਸ ਕਰਨ ਵਾਲੇ ਨੂੰ ਐਸਾ ਕਰਨ ਤੋਂ ਸਖਤ ਮਨ੍ਹਾ ਕੀਤਾ ਹੈ।

   ੳ) ਸ੍ਰੀ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿੱਚ ਉਪਦੇਸ ਦੇਂਦੇ ਹਨ:

   ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
   ਬਾਣੀ ਤ ਕਚੀ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ॥
   ਕਹਦੇ ਕਚੇ ਸੁਣਦੇ ਕਚੇ ਕਚੀ ਆਖ ਵਖਾਣੀ॥

   ਅ) ਸ੍ਰੀ ਗੁਰੂ ਰਾਮ ਦਾਸ ਜੀ ਗਉੜੀ ਦੀ ਵਾਰ ਵਿੱਚ ਫੁਰਮਾਨ ਕਰਦੇ ਹਨ:

   ਸਤਿਗੁਰ ਕੀ ਰੀਸੈ ਹੋਰ ਕਚ ਪਿਚ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥
   ਓਨਾ ਅੰਦਰਿ ਹੋਰ ਮੁਖਿ ਹੋਰ ਹੈ ਬਿਖ ਪਾਇਆ ਨੋ ਝਖਿ ਮਰਦੇ ਕੜੀਏ॥
5. ਗੁਰੂ ਸਾਹਿਬਾਨ ਨੇ ਉਪਰਲੇ ਉਪਦੇਸ਼ ਰਾਹੀਂ ਸਿਖਾਂ ਨੂੰ ਬਹੁਤ ਸਾਵਧਾਨ ਕੀਤਾ ਹੈ। ਉਹ ਸਜਣ ਜੋ ਗੁਰੂ ਦੀ ਰੀਸ ਕਰਕੇ ਤੁਕਬੰਦੀ ਕਰਕੇ ਗਾਉਂਦੇ ਅਤੇ ਲੋਕਾਂ ਨੂੰ ਸੁਣਾਉਂਦੇ ਹਨ; ਉਹ ਆਪ ਕਚੇ ਹਨ, ਕੂੜੇ ਹਨ ਅਤੇ ਉਨ੍ਹਾਂ ਦਾ ਮਕਸਦ ਸਿਰਫ ਮਾਇਆ ਹੀ ਹੁੰਦਾ ਹੈ। ਐਸੇ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਮਨ-ਘੜਤ ਧਾਰਨਾਂ ਨਾਲ ਕੀਰਤਨ ਕਰਨ ਵਾਲੇ ਸਜਣ ਇਸੇ ਹੀ ਸ੍ਰੇਣੀ ਵਿੱਚ ਆਉਂਦੇ ਹਨ।
6. ਗੁਰਬਾਣੀ ਦਾ 'ਮੂਲ ਸਰੂਪ' ਵਿਗੜਨ ਵਾਲੇ ਜਾਂ ਮਨ-ਘੜਤ ਧਾਰਨਾ ਨਾਲ ਕੀਰਤਨ ਕਰਨ ਵਾਲੇ ਸਜਣ ਬਾਬਾ ਰਾਮ ਰਾਏ ਦੀ ਮਿਸਾਲ ਤੋਂ ਅਨਜਾਣ ਨਹੀਂ ਜੋ ਸਕਦੇ। ਬਾਬਾ ਰਾਮ ਰਾਏ ਨੇ ਤਾਂ ਇੱਕ ਲਫ਼ਜ ਹੀ ਬਦਲਿਆ ਸੀ (ਮੁਸਲਮਾਨ ਤੋਂ ਬੇਈਮਾਨ) ਅਤੇ ਗੁਰਦੇਵ ਪਿਤਾ ਨੇ ਉਸ ਨੂੰ ਉਮਰ ਭਰ ਮਾਫ ਨਹੀਂ ਸੀ ਕੀਤਾ। ਪਰ ਇਨ੍ਹਾਂ ਸੱਜਣਾਂ ਨੇ ਤਾਂ ਆਪਣੀਆ ਮਨ-ਘੜਤ ਧਾਰਨਾ ਨਾਲ ਗੁਰਬਾਣੀ ਦਾ 'ਮੂਲ ਸਰੂਪ' ਹੀ ਵਿਗਾੜ

ਦਿੱਤਾ ਹੈ ਅਤੇ ਸਿੱਖ ਕੌਮ ਦੇ ਆਗੂ ਖਾਮੋਸ ਹਨ। ਕਿਓ?

7. **ਸਿੱਖ ਇਤਿਹਾਸ:** ਗੁਰਬਾਣੀ ਦਾ ਕੀਰਤਨ ਗੁਰੂ ਸਾਹਿਬਾਨ ਦੀ ਹਜੂਰੀ ਵਿੱਚ ਦਸਵੀਂ ਪਾਤਿਸ਼ਾਹੀ ਤਕ ਹੁੰਦਾ ਰਿਹਾ। ਕੀ ਸਿੱਖ ਇਤਿਹਾਸ ਵਿੱਚ ਐਸੀ ਕੋਈ ਮਿਸਾਲ ਮਿਲਦੀ ਹੈ ਕਿ ਕਿਸੇ ਕੀਰਤਨੀਏ ਨੇ 'ਮਨ-ਘੜਤ' ਧਾਰਨਾ ਨਾਲ ਗੁਰਬਾਣੀ ਦਾ ਕੀਰਤਨ ਕੀਤਾ ਹੋਵੇ ਅਤੇ ਗੁਰੂ ਸਾਹਿਬ ਨੇ ਉਸ ਨੂੰ ਮਾਫ ਕਰ ਦਿੱਤਾ ਹੋਵੇ? ਅਗਰ ਨਹੀਂ ਤਾਂ ਸਾਡੇ ਆਗੂ 'ਮਨ-ਘੜਤ' ਧਾਰਨਾ ਨਾਲ ਕੀਰਤਨ ਸੁਣਨ ਦੇ ਆਦੀ ਕਿਉਂ ਹੋ ਗਏ?

8. **ਮਨ-ਘੜਤ ਧਾਰਨਾ:** ਮਨ-ਘੜਤ ਧਾਰਨਾ ਨਾਲ ਗੁਰਬਾਣੀ ਦਾ ਕੀਰਤਨ ਟੀ.ਵੀ. ਚੈਨਲਾਂ ਖਾਸ ਕਰਕੇ 'ਲਿਸ਼ਕਾਰਾ' ਅਤੇ 'ਅਲਫਾ-ਪੰਜਾਬੀ' ਤੇ ਆਮ ਸੁਣਿਆ ਜਾਂਦਾ ਹੈ। ਇਸ ਦੀਆਂ ਕੈਸਟਾਂ ਵੀ ਮਿਲਦੀਆਂ ਹਨ ਅਤੇ ਕਈ ਗੁਰਦੁਆਰਿਆਂ ਵਿੱਚ ਵੀ ਮਨ-ਘੜਤ ਧਾਰਨਾ ਨਾਲ ਕੀਰਤਨ ਕੀਤਾ ਜਾਂਦਾ ਹੈ। ਇਹ ਧਾਰਨਾ ਗੁਰਬਾਣੀ ਦੇ 'ਮੂਲ ਸਰੂਪ' ਨੂੰ ਤੋੜ ਮਰੋੜ ਕੇ, ਇਧਰ ਉਧਰ ਘਟਾ ਵਧਾ ਕੇ ਬਣਾਈਆਂ ਹੁੰਦੀਆਂ ਹਨ। ਗੁਰਬਾਣੀ ਦਾ ਵਗਾੜਿਆ ਹੋਇਆ ਇਹ ਰੂਪ ਮੇਰੇ ਵਰਗੇ ਆਮ ਸਿੱਖਾਂ ਨੂੰ ਸਮਝ ਨਹੀਂ ਆਉਂਦਾ ਅਤੇ ਇਨਾਂ ਮਨ-ਘੜਤ ਧਾਰਨਾ ਨੂੰ ਗੁਰਬਾਣੀ ਹੀ ਸਮਝ ਲੈਂਦੇ ਹਨ। ਮਨ-ਘੜਤ ਧਾਰਨਾ ਨਾਲ ਕੀਰਤਨ ਕਰਨ ਵਾਲੇ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਇਸ ਤਰ੍ਹਾਂ ਕੀਰਤਨ ਕਰਨ ਨਾਲ ਕੀਰਤਨ ਦੀ ਸਮਝ ਸੌਖੀ ਪੈਂਦੀ ਹੈ। ਇਹ ਸਾਨੂੰ ਲੋਕਾਂ ਨੂੰ ਕੁਰਾਹੇ ਪਾਉਂਦੇ ਹਨ ਅਤੇ ਕੂੜ ਦੇ ਭਾਗੀ ਬਣਾਉਂਦੇ ਹਨ। ਇਹ ਲੋਕ ਗੁਰੂ ਸਾਹਿਬ ਦਾ ਉਪਦੇਸ਼ ਅਤੇ ਬਾਬਾ ਰਾਮ ਰਾਏ ਦੀ ਮਿਸਾਲ ਨੂੰ ਨਜ਼ਰ ਅੰਦਾਜ਼ ਕਰਦੇ ਹਨ। ਕੀ ਗੁਰਬਾਣੀ ਦਾ ਮੂਲ ਸਰੂਪ ਨੂੰ ਤੋੜ ਮਰੋੜ ਕੇ ਧਾਰਨਾ ਬਣਾਉਂਣਾ ਅਤੇ ਕੀਰਤਨ ਕਰਨਾ ਗੁਰਬਾਣੀ ਦੀ ਬੇਅਦਬੀ ਨਹੀਂ?

9. **ਮਨ-ਘੜਤ ਧਾਰਨਾ ਦਾ ਮੁਢ:** ਮਨ-ਘੜਤ ਧਾਰਨਾ ਦਾ ਮੁਢ ਕਦੋ ਅਤੇ ਕਿਸਨੇ ਸ਼ੁਰੂ ਕੀਤਾ ਮੈਂ ਨਹੀਂ ਜਾਣਦਾ, ਪਰ ਜਿਨ੍ਹਾਂ ਕੋਲੋਂ ਮੈਂ ਮਨ-ਘੜਤ ਧਾਰਨਾ ਨਾਲ ਕੀਰਤਨ ਸੁਣਿਆ ਉਹ ਆਪਣੇ ਆਪ ਨੂੰ 'ਰਾੜੇ' ਵਾਲਿਆਂ ਦੀ ਜਥੇਬੰਦੀ ਵਿੱਚੋਂ ਦਸਦੇ ਸਨ ਅਤੇ ਆਮ ਵੇਖਣ ਵਿੱਚ ਆਇਆ ਕਿ ਜਿੱਥੇ ਵੀ 'ਰਾੜੇ ਵਾਲੇ ਬੈਠੇ ਉਸ ਗੁਰਦੁਆਰੇ ਵਿੱਚ ਕੀਰਤਨ ਮਨ-ਘੜਤ ਧਾਰਨਾ ਨਾਲ ਹੀ ਹੁੰਦਾ ਹੈ।

10. **ਸਿੱਖ ਰਹਿਤ ਮਰਯਾਦਾ ਅਤੇ ਮਨ-ਘੜਤ ਧਾਰਨਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ 'ਸਿੱਖ ਰਹਿਤ ਮਰਯਾਦਾ' ਪ੍ਰਕਾਸ਼ਤ ਕਰਾਇਆ ਹੈ। ਸਫਾ 15 ਕੀਰਤਨ ਸਿਰਲੇਖ ਹੇਠਾਂ ਮਨ-ਘੜਤ ਧਾਰਨਾ ਬਾਰੇ ਇਸ ਤਰ੍ਹਾਂ ਪ੍ਰਕਾਸਤ ਹੈ-
"ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ-ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ"

11. ਮਨ-ਘੜਤ ਧਾਰਨਾ ਨਾਲ ਕੀਰਤਨ ਕਰਨਾ ਸਿਰਫ ਅਯੋਗ ਹੀ ਨਹੀਂ ਸਗੋਂ ਗੁਰਬਾਣੀ ਦੀ ਬੇਅਦਬੀ ਹੈ ਜਿਸ ਤੋਂ ਗੁਰੂ ਸਾਹਿਬਾਨ ਨੇ ਆਪ ਸਾਨੂੰ ਸਾਵਧਾਨ ਕੀਤਾ ਹੈ।

12. **ਮਨ-ਘੜਤ ਧਾਰਨਾ-ਦੁਰਮਤ ਦਾ ਕੋਹੜ:** ਮਨ-ਘੜਤ ਧਾਰਨਾ ਨਾਲ ਕੀਰਤਨ ਕਰਨਾ, ਗੁਰੂ ਸਾਹਿਬ ਦੇ ਫੁਰਮਾਨ ਦੀ ਉਲੰਘਣਾ ਹੈ। ਇਹ ਦੁਰਮਤ ਜਾਂ ਮਨਮਤ ਦਾ ਕੋਹੜ ਹੈ ਅਤੇ ਅੰਮ੍ਰਿਤਮਈ ਗੁਰੂ ਬਾਣੀ ਦੀ ਬੇਅਦਬੀ ਹੈ।


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ
ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ।
ਇਹ ਪੁਸਤਕ ਕੀਰਤਨੀਆਂ ਅਤੇ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।
*ਤੇ ਤੁਸੀਂ ਇਸ ਪੁਸਤਕ ਦੀ ਕੀਮਤ ਕਿਸੇ ਮਜ਼ਬੂਰੀ ਕਾਰਨ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।*
*ਅਸੀਂ ਇਹ ਪੁਸਤਕ ਮੁਫਤ ਭੇਜ ਦੇਵਾਂਗੇ।*
ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ।

# ਸ਼੍ਰੋਮਣੀ ਰਾਗੀ ਪ੍ਰੋਫੈਸਰ ਚੰਨਣ ਸਿੰਘ 'ਮਜਬੂਰ'


## ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ ਬੈਦਵਾਣ, ਡਾਕਖਾਨਾ ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ


ਕਿਸੇ ਵੀ ਦੇਸ਼ ਅਤੇ ਕੌਮ ਦਾ ਸਰਮਾਇਆ ਧੰਨ-ਸੰਪਤੀ ਨਹੀਂ ਬਲਕਿ ਉਸਦੇ ਇਤਿਹਾਸਕਾਰ, ਵਿਦਵਾਨ, ਸੰਗੀਤਕਾਰ-ਗੀਤਕਾਰ, ਕਵੀ-ਰਾਗੀ ਅਤੇ ਬੁੱਧੀਜੀਵੀ ਲੋਕ ਹੀ ਹੁੰਦੇ ਹਨ, ਜੋ ਆਪਣੀ ਕੌਮ ਅਤੇ ਮਾਤਭੂਮੀ ਦੀਆਂ ਪ੍ਰਚਲਿਤ ਗੀਤਾਂ-ਰਿਵਾਜਾਂ ਅਤੇ ਇਤਿਹਾਸਕ ਖਜ਼ਾਨੇ ਨੂੰ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਵਧਾਉਣ ਲਈ ਇੱਕ ਪੁਲ ਵਜੋਂ ਕੰਮ ਕਰਦੇ ਹਨ। ਪ੍ਰਿੰਸੀਪਲ ਚੰਨਣ ਸਿੰਘ 'ਮਜਬੂਰ' ਜੀ ਵੀ ਇੱਕ ਅਜਿਹੀ ਵਿਲੱਖਣ ਸ਼ਖਸੀਅਤ ਦੇ ਮਾਲਕ ਹਨ, ਜੋ ਕਿ ਪੰਜਾਬ ਅਤੇ ਦੁਨੀਆਂ ਭਰ ਦੇ ਰਾਗੀ-ਜੱਥੇ ਅਤੇ ਗੁਰਬਾਣੀ ਕੀਰਤਨੀਆਂ ਦੀ ਮੂਹਰਲੀ ਕਤਾਰ ਵਿੱਖ ਖੜ੍ਹੇ ਹਨ। ਆਪ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਛੋਟੇ ਜਿਹੇ ਪਿੰਡ 'ਅਟੱਲਗੜ੍ਹ' ਵਿੱਖੇ ਪਿਤਾ ਸੂਬੇਦਾਰ ਠਾਕਰ ਸਿੰਘ ਅਤੇ ਮਾਤਾ ਸ੍ਰੀਮਤੀ ਪੂਰਨ ਕੌਰ ਦੇ ਗ੍ਰਹਿ ਵਿਖੇ 10 ਫਰਵਰੀ, 1935 ਵਿੱਚ ਹੋਇਆ। ਆਪ ਛੇ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। 1940 ਈ: ਵਿੱਚ ਉਰਦੂ ਸਿੱਖਣ ਤੋਂ ਬਾਅਦ ਆਪ ਨੇ ਸੰਗੀਤ ਦੇ ਧਨੰਤਰ ਬਾਦਸ਼ਾਹ ਸੱਚਖੰਡ ਵਾਸੀ ਪ੍ਰੋਫੈਸਰ ਦਰਸ਼ਨ ਸਿੰਘ ਜੀ 'ਕੋਮਲ' (ਨੰਗਲ ਕਲਾਂ) ਪਾਸੋਂ ਆਪਣੇ ਨਾਨਕੇ ਪਿੰਡ ਨੰਗਲ ਖੁਰਦ (ਨਜ਼ਦੀਕ ਮਾਹਿਲਪੁਰ) ਰਹਿ ਕੇ ਸੰਗੀਤ ਅਤੇ ਗਾਇਨ ਦੀ ਮੁੱਢਲੀ ਵਿਦਿਆ ਪ੍ਰਾਪਤ ਕੀਤੀ। ਗਿਆਨੀ ਕਿਰਪਾਲ ਸਿੰਘ (ਹੈੱਡਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ) ਹੋਰਾਂ ਪਾਸੋਂ ਆਪਣੇ ਪਿੰਡ ਮੈਹਰੋਂ (ਨਜ਼ਦੀਕ ਮੋਗਾ) ਵਿਖੇ ਨਾਨਕ-ਪ੍ਰਕਾਸ਼ ਪੜ੍ਹਿਆ ਅਤੇ ਉਹਨਾਂ ਦੇ ਵਿਦਿਆਰਥੀਆਂ ਨੂੰ ਕੀਰਤਨ ਸਿਖਾਉਂਦੇ ਰਹੇ।

ਸੰਨ 1955 ਤੋਂ 1957 ਤੱਕ ਆਪਣੇ ਚੀਫ ਖਾਲਸਾ ਦੀਵਾਨ ਕਾਲਜ, ਤਰਨਤਾਰਨ ਵਿਖੇ ਬਤੌਰ ਮਿਊਜ਼ਿਕ ਅਧਿਆਪਕ ਕੀਰਤਨ ਸਿਖਾਉਣ ਦੀ ਡਿਊਟੀ ਨਿਭਾਈ।

ਸੰਨ 1960 ਵਿੱਚ ਉਸਤਾਦ 'ਕੋਮਲ' ਸਾਹਿਬ ਨੇ ਆਪ ਨੂੰ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ ਵਿਖੇ ਅਮਰ ਸੰਗੀਤ ਵਿਦਿਆਲਾ ਆਪ ਸ਼ੁਰੂ ਕਰਕੇ ਦਿੱਤਾ, ਜਿਸਨੂੰ ਆਪਨੇ 1963 ਵਿੱਚ ਉਸਤਾਦ (ਕੋਮਲ) ਸਾਹਿਬ ਜੀ ਦੇ ਸੱਚਖੰਡ ਜਾ ਬਿਰਾਜਣ ਤੋਂ ਪਹਿਲਾਂ ਕੋਤਵਾਲੀ ਬਜ਼ਾਰ, ਹੁਸ਼ਿਆਰਪੁਰ ਅਤੇ ਫਿਰ 1983 ਵਿੱਚ ਪ੍ਰੇਮਗੜ੍ਹ, ਸਤੈਂ ਹਰੀ ਰੋਡ, ਹੁਸ਼ਿਆਰਪੁਰ ਵਿਖੇ ਤਬਦੀਲ ਕਰ ਦਿੱਤਾ। ਇਸ ਅਮਰ ਸੰਗੀਤ ਵਿਦਿਆਲੇ ਵਿੱਚ ਮਿਊਜ਼ਿਕ ਦੀ ਪੀ. ਐਚ. ਡੀ. (ਪ੍ਰੈਕਟੀਕਲ), ਐਮ. ਏ. ਅਤੇ ਬੀ. ਏ. ਦੀਆਂ ਕਲਾਸਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ। ਆਪ ਅਮਰ ਸੰਗੀਤ ਵਿਦਿਆਲਾ ਵਿੱਚ ਗੁਰਬਾਣੀ ਕੀਰਤਨ ਅਤੇ ਸ਼ਾਸਤਰੀ ਸੰਗੀਤ ਦੇ ਪ੍ਰੈਕਟੀਕਲ ਦੀ ਖਾਸ ਤੌਰ ਤੇ ਸਿੱਖਿਆ ਦੇ ਰਹੇ ਹਨ। ਆਪ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਤੋਂ ਬਿਨਾਂ ਭਾਰਤੀ ਸੰਗੀਤ ਦੇ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਵਿੱਚ ਨਵੀਂ ਬੰਦਿਸ਼ ਕਰਕੇ ਸਿਖਾ ਸਕਦੇ ਹਨ। ਆਪ ਨੇ ਪ੍ਰਮਾਣਾਂ ਸਾਹਿਤ ਗੁਰਬਾਣੀ ਕੀਰਤਨ ਦੀ ਪੁਰਾਤਨ ਸ਼ੈਲੀ ਨੂੰ ਜ਼ਿੰਦਾ ਰੱਖਿਆ ਹੋਇਆ ਹੈ। ਇਸ ਮਿਊਜ਼ਿਕ ਅਦਾਰੇ ਦੇ ਵਿਦਿਆਰਥੀ ਅੱਜ ਪੂਰੇ ਭਾਰਤੀ ਸੂਬਿਆਂ ਵਿੱਚ ਹੀ ਨਹੀਂ, ਸਗੋਂ ਪੂਰੇ ਯੂਰਪ ਉੱਤਰੀ ਅਮਰੀਕਾ ਅਤੇ ਅਫਰੀਕਾ ਵਿੱਚ ਕੀਰਤਨ ਦੀਆਂ ਡਿਊਟੀਆਂ ਵੀ ਨਿਭਾ ਰਹੇ ਹਨ। ਇਸ ਤੋਂ ਇਲਾਵਾ ਆਪ ਨੇ ਆਪਣੇ ਉਸਤਾਦ (ਕੋਮਲ) ਸਾਹਿਬ ਦੀ ਯਾਦ ਨੂੰ ਅਮਰ ਰੱਖਣ ਲਈ ਫਤਹਿਗੜ੍ਹ ਮੁਹੱਲਾ, ਹੁਸ਼ਿਆਰਪੁਰ ਵਿਖੇ ਗੁਰੂ ਹਰਿ ਰਾਏ ਨੇਤਰਹੀਣ ਕੋਮਲ ਕਲਾ ਕੇਂਦਰ ਦੀ ਸਥਾਪਨਾ 1988 ਵਿੱਚ ਕੀਤੀ, ਜਿੱਥੇ ਨੇਤਰਹੀਣ, ਯਤੀਮ ਬੱਚਿਆਂ ਨੂੰ ਗੁਰੂ ਕਾ ਲੰਗਰ, ਰਿਹਾਇਸ਼, ਕੱਪੜਾ, ਮੈਟ੍ਰਿਕ ਤੱਕ ਪੜ੍ਹਾਈ ਅਤੇ ਡਾਕਟਰੀ ਸਹਾਇਤਾ ਹੀ ਨਹੀਂ ਬਲਕਿ ਗੁਰਬਾਣੀ ਕੀਰਤਨ, ਸ਼ਾਸਤਰੀ-ਸੰਗੀਤ ਅਤੇ ਬਰੇਲ ਲਿੱਪੀ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

ਸੰਨ 1971 ਤੋਂ ਲੈ ਕੇ 29 ਸਾਲਾਂ ਤੱਕ ਆਪ ਨੇ ਰੇਡੀਓ (ਕਲਾਸ ਬੀ-ਹਾਈ ਪ੍ਰਾਪਤ ਕਰਕੇ) ਅਤੇ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਨਿਰੰਤਰ ਗੁਰਬਾਣੀ ਕੀਰਤਨ ਅਤੇ ਸ਼ਾਸਤਰੀ-ਸੰਗੀਤ ਦੇ ਪ੍ਰੋਗਰਾਮ ਪੇਸ਼ ਕੀਤੇ ਹਨ। ਇਸ ਤੋਂ ਇਲਾਵਾ ਆਪ ਨੇ 1971 ਤੋਂ ਇੰਗਲੈਂਡ, ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਸਿੰਘਾਪੁਰ, ਥਾਈਲੈਂਡ ਅਤੇ ਮਲੇਸ਼ੀਆ ਦੀ ਯਾਤਰਾ

ਵੀ ਕੀਤੀ। ਉੱਥੇ ਆਪ ਨੇ ਨਾ ਸਿਰਫ ਸੰਗੀਤਕ ਪ੍ਰੋਗਰਾਮ ਕਰਕੇ ਬਲਕਿ ਸੰਗੀਤਕ ਵਿੱਦਿਆ ਪ੍ਰਦਾਨ ਕਰਕੇ ਵੀ ਸੰਗੀਤ-ਪ੍ਰੇਮੀਆਂ ਵਿੱਚ ਯੋਗ-ਸਥਾਨ ਬਣਾਇਆ ਅਤੇ ਦੇਸ਼-ਵਿਦੇਸ਼ ਦੀਆਂ ਅਨੇਕਾਂ ਸੁਸਾਇਟੀਆਂ ਅਤੇ ਸੰਸਥਾਵਾਂ ਪਾਸੋਂ ਸਨਮਾਨ ਪ੍ਰਾਪਤ ਕੀਤਾ।

ਕਿਸੇ ਵੀ ਕਲਾਕਾਰ ਲਈ ਲੋਕਾਂ ਦਾ ਪਿਆਰ ਅਤੇ ਹੁੰਗਾਰਾ ਬਹੁਤ ਅਹਿਮੀਅਤ ਰੱਖਦਾ ਹੈ। ਇਸ ਦਾ ਸਬੂਤ ਦਿੰਦੇ ਹੋਏ ਭਾਸ਼ਾ ਵਿਭਾਗ, ਪੰਜਾਬ ਨੇ ਆਪ ਨੂੰ 26 ਫਰਵਰੀ 2001, ਪਟਿਆਲਾ ਵਿਖੇ 'ਸ਼੍ਰੋਮਣੀ ਰਾਗੀ ਅਵਾਰਡ' (ਗੋਲਡ ਮੈਡਲ ਅਤੇ ਇੱਕ ਲੱਖ ਰੁਪਏ) ਨਾਲ ਸਨਮਾਨਿਤ ਕੀਤਾ।

ਜਿੱਥੇ ਪ੍ਰਮਾਤਮਾ ਨੇ ਇਨ੍ਹਾਂ ਨੂੰ ਗੁਰਬਾਣੀ-ਕੀਰਤਨ ਅਤੇ ਸ਼ਾਸਤਰੀ-ਸੰਗੀਤ ਦੀ ਦਾਤ ਬਖ਼ਸ਼ੀ ਹੈ, ਉੱਥੇ ਪ੍ਰਭਾਵਸ਼ਾਲੀ ਕਵਿਤਾ, ਗਜ਼ਲ ਅਤੇ ਗੀਤ ਲਿਖਣ ਦੀ ਤੀਖਣ ਬੁੱਧੀ ਨਾਲ ਵੀ ਮਾਲਾਮਾਲ ਕੀਤਾ ਹੈ। ਆਪ ਦੇ ਦੋ ਕਾਵਿ-ਸੰਗ੍ਰਹਿ 'ਮਜਬੂਰ-ਸਿਤਾਰੇ' ਅਤੇ 'ਮਜਬੂਰ-ਵਲਵਲੇ' ਨੂੰ ਲੋਕਾਂ ਵਲੋਂ ਬਹੁਤ ਸਲਾਹਿਆ ਤੇ ਗਾਇਆ ਜਾ ਰਿਹਾ ਹੈ।

## ਧਿਆਨ ਯੋਗ ਗੱਲਾਂ

★ 'ਅੰਮ੍ਰਿਤ ਕੀਰਤਨ' ਲਈ ਰਚਨਾਵਾਂ ਭੇਜਣ ਸਮੇਂ ਜਾਂ ਚਿੱਠੀ ਪੱਤਰ ਕਰਨ ਸਮੇਂ ਪੂਰੀਆਂ ਡਾਕ ਟਿਕਟਾਂ ਲਗਾ ਕੇ ਭੇਜੀਆਂ ਜਾਣ। ਬੈਰੰਗ ਚਿੱਠੀਆਂ ਪ੍ਰਾਪਤ ਨਹੀਂ ਕੀਤੀਆਂ ਜਾਣਗੀਆਂ। ਜਦੋਂ ਬੁੱਕ ਪੋਸਟ ਚਿੱਠੀਆਂ ਨੂੰ ਸਟੈਪਲਰ ਵਾਲੀ ਪਿੰਨ ਲਗਾ ਦਿੱਤੀ ਜਾਂਦੀ ਹੈ ਤਾਂ ਉਹ ਚਿੱਠੀ ਬੈਰੰਗ ਹੋ ਜਾਂਦੀ ਹੈ। ਕਿਰਪਾ ਕਰਕੇ ਡਾਕਖਾਨੇ ਤੋਂ ਪੁੱਛ ਕੇ ਪੂਰੀ ਟਿਕਟਾਂ ਲਗਾ ਕੇ ਚਿੱਠੀਆਂ ਭੇਜੀਆਂ ਜਾਣ।

★ ਆਪਣਾ ਪਤਾ ਬਦਲਣ ਤੇ 'ਅੰਮ੍ਰਿਤ ਕੀਰਤਨ ਟ੍ਰਸਟ' ਨੂੰ ਜ਼ਰੂਰ ਸੂਚਿਤ ਕਰੋ ਜੀ।

★ ਜੇ ਤੁਹਾਨੂੰ ਮੈਗਜ਼ੀਨ ਮਹੀਨੇ ਦੀ 10 ਤਾਰੀਖ ਤੱਕ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ ਅਸੀਂ ਦੁਬਾਰਾ ਭੇਜ ਦਿਆਂਗੇ।

★ ਜੇ ਤੁਸੀਂ ਅਜੇ ਤਕ 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ ਨਹੀਂ ਭੇਜੀ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ।

## HOW TO BE HAPPY THOUGH LIVING

The master word is "Work". And the methods and maxims by which this secret - "Work"- is to be practised include the following: Throw away in the first all ambition beyond that of doing the day's work well.

Take no thought for the tomorrow. Live neither in the past nor in the future, but let each day's work absorb your entire energies.

The secret of successful working lies the systematic arrangement of what you have to do, and in the methodical performance of it.

Make the lesson of each case tell on your education. The value of experience is not in seeing much, but in seeing wisely.

Much study is not only believed to be a weariness of the flesh, but also an active cause of ill-health of mind in all grades and phases. I deny that work, legitimate work, has anything to do with this. It is that foul friend worry who is responsible for the majority of cases. There are a few cases of genuine overwork, but they are not common.

By nature man is the incarnation of idleness.

Do not get too deeply absorbed to the exclusion of all outside interests. No matter what it is, have an outside hobby.

*With best compliments from a wellwisher*

# ਚੋਣਾਂ ਵਿੱਚ ਨਸ਼ਿਆਂ ਦੀ ਵਰਤੋਂ ਕਿਵੇਂ ਰੋਕੀਏ?


## ਪ੍ਰੋ. ਸਰਬਜੀਤ ਸਿੰਘ

ਅਨੁਭਵ ਫ਼ੀਚਰ ਸਰਵਿਸ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ


ਪੰਜਾਬ ਵਿੱਚ ਵਗਦੀ ਨਸ਼ਿਆਂ ਦੀ ਹਨੇਰੀ ਸਭਨਾਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਹਰ ਸੂਝ ਭਰੀ ਇਕੱਤਰਤਾ ਵਿੱਚ ਇਸ ਦਾ ਜ਼ਿਕਰ ਹੋਣਾ ਸ਼ੁਰੂ ਹੋ ਚੁੱਕਾ ਹੈ। ਜਿਹਨਾਂ ਦੇ ਪਰਿਵਾਰ ਵਿੱਚ ਜਾਂ ਰਿਸ਼ਤੇਦਾਰੀ ਤੇ ਦੋਸਤਾਂ-ਮਿੱਤਰਾਂ ਵਿੱਚ ਅਜਿਹੀ ਬਿਮਾਰੀ ਦੇ ਸ਼ਿਕਾਰ ਮਰੀਜ਼ ਹਨ ਉਹਨਾਂ ਦੀ ਤਾਂ ਇਹ ਹੋਰ ਵੀ ਦੁੱਖ ਭਰੀ ਦਾਸਤਾਨ ਹੈ।

ਦੂਜੇ ਪਾਸੇ ਵੱਡੀ ਗਿਣਤੀ ਵਿੱਚ ਸੰਸਥਾਵਾਂ ਤੇ ਲੋਕਾਂ ਨੇ ਨਸ਼ੇ ਰੋਕਣ ਅਤੇ ਇਹਨਾਂ ਦਾ ਇਲਾਜ ਕਰਨ ਦਾ ਵੀ ਬੀੜਾ ਚੁੱਕਿਆ ਹੋਇਆ ਹੈ। ਥਾਂ-ਥਾਂ ਤੇ ਲੈਕਚਰ, ਨਸ਼ਾ ਛੁਡਾਉ ਕੈਂਪ ਤੇ ਹੋਰ ਅਜਿਹੀਆਂ ਗਤੀਵਿਧੀਆਂ ਦਾ ਜ਼ੋਰ ਵੀ ਵੱਧ ਰਿਹਾ ਹੈ।

ਪਰ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ ਕਿਉਂਕਿ ਅਜਿਹਾ ਸਮਝਿਆ ਜਾ ਰਿਹਾ ਹੈ ਕਿ ਪਹਿਲਾਂ ਵਾਂਗ ਇਸ ਵਾਰ ਵੀ ਵੋਟਾਂ ਲੈਣ ਲਈ ਵੱਖ-ਵੱਖ ਰਾਜਨੀਤਕ ਪਾਰਟੀਆਂ ਵੱਡੀ ਮਾਤਰਾ ਵਿੱਚ ਪੰਜਾਬ ਵਿੱਚ ਨਸ਼ੇ ਵੰਡਣਗੀਆਂ। ਇਹ ਸਚਮੁੱਚ ਇੱਕ ਗੰਭੀਰ ਮਸਲਾ ਹੈ ਜਿਸ ਬਾਰੇ ਸਾਡਾ ਇਲੈਕਸ਼ਨ ਕਮਿਸ਼ਨ ਤੇ ਨੀਤੀਘਾੜੇ ਕਾਤਲਾਨਾ ਚੁੱਪ ਧਾਰੀ ਬੈਠੇ ਹਨ।

ਅਸੀਂ ਭਾਵੇਂ ਨਸ਼ਿਆਂ ਦੇ ਖਿਲਾਫ਼ ਜਿੰਨਾ ਮਰਜ਼ੀ ਪ੍ਰਚਾਰ ਕਰ ਲਈਏ, ਕੈਂਪ ਲਗਾ ਲਈਏ, ਲਿਟਰੇਚਰ ਛਪਵਾ ਲਈਏ ਪਰ ਜੇਕਰ ਰਾਜਨੀਤਕ ਪਾਰਟੀਆਂ ਨੇ ਨਸ਼ਿਆਂ ਦੀ ਸ਼ਰੇਆਮ ਵੰਡ ਕਰਨੀ ਹੈ ਤਾਂ ਕਿਸ ਕਿਸ ਨੂੰ ਰੋਕਿਆ ਤੇ ਬਚਾਇਆ ਜਾ ਸਕੇਗਾ?

'ਚੋਣਾਂ ਵਿੱਚ ਨਸ਼ਿਆਂ ਦੀ ਵਰਤੋਂ ਕਿਵੇਂ ਰੋਕੀਏ?' ਇਹ ਅੱਜ ਇੱਕ ਭਖਦਾ ਮਸਲਾ ਬਣ ਚੁੱਕਾ ਹੈ। ਇਸ ਸੰਬੰਧੀ ਇੱਕ ਰਾਇ ਹੈ ਕਿ ਰਾਜਨੀਤਕ ਪਾਰਟੀਆਂ ਨੂੰ ਨਸ਼ੇ ਵੰਡਣ ਤੋਂ ਰੋਕਣ ਲਈ ਕੇਵਲ ਇੱਕ ਸੰਗਠਿਤ ਜਨ ਜਾਗਰਤੀ ਮੁਹਿੰਮ ਹੀ ਸਹਾਈ ਹੋ ਸਕਦੀ ਹੈ। ਪਰ ਇਹ ਮੁਹਿੰਮ ਕਿਵੇਂ ਚਲਾਈ ਜਾਵੇ?

ਸਾਰੇ ਪੰਜਾਬ ਵਿੱਚ ਨਸ਼ਿਆਂ ਦਾ ਵਿਰੋਧ ਕਰਨ ਲਈ ਚੁਪਧਾਰੀ ਬੈਠੇ ਲੋਕਾਂ ਨੂੰ ਇੱਕ ਅਮਲੀ ਪ੍ਰੋਗਰਾਮ ਦੇਣ ਦੀ ਲੋੜ ਹੈ। ਮਿਸਾਲ ਦੇ ਤੌਰ ਦੇ ਜੇਕਰ ਹੇਠ ਲਿਖੇ 3 ਨਾਅਰੇ ਸਾਰੇ ਪੰਜਾਬ ਵਿੱਚ ਘਰ ਘਰ ਪਹੁੰਚਾ ਦਿੱਤੇ ਜਾਣ, ਦੀਵਾਰਾਂ ਤੇ ਲਿਖਵਾ ਦਿੱਤੇ ਜਾਣ ਤਾਂ ਰਾਜਨੀਤਕ ਲੋਕ ਜ਼ਰੂਰ ਸੋਚਣ ਲਈ ਮਜ਼ਬੂਰ ਹੋਣਗੇ। ਇਹ ਨਾਅਰੇ ਹਨ।

(1) ਆਓ ਰਲ ਮਿਲ ਮੋਰਚਾ ਲਾਈਏ
ਘਰ ਘਰ ਵਿੱਚੋਂ ਨਸ਼ੇ ਭਜਾਈਏ।

(2) ਜਿਹਨਾਂ ਲਈ ਨਸ਼ਿਆਂ ਦੀ ਓਟ
ਬੀਬੀਓ, ਉਹਨਾਂ ਨੂੰ ਨਾ ਪਾਇਓ ਵੋਟ

(3) ਜਿਹੜਾ ਨਸ਼ੇ ਵੰਡੇ
ਪੈਣ ਉਸਨੂੰ ਡੰਡੇ

ਸਾਡੇ ਸਮਾਜ ਵਿੱਚ ਲਗਭਗ 50% ਵੋਟਾਂ ਬੀਬੀਆਂ ਦੀਆਂ ਹਨ। ਜੇਕਰ ਮਰਦ ਵੱਡੀ ਗਿਣਤੀ ਵਿੱਚ ਨਸ਼ਿਆਂ ਦੇ ਆਦੀ ਬਣ ਚੁੱਕੇ ਹਨ ਤਾਂ ਬੀਬੀਆਂ ਹਾਲੀ ਵੀ ਇਸ ਕੋਹੜ ਤੋਂ ਕਾਫ਼ੀ ਹੱਦ ਤੀਕ ਬਚੀਆਂ ਹੋਈਆਂ ਹਨ। ਨਸ਼ਿਆਂ ਦੀ ਬਿਮਾਰੀ ਦਾ ਸਭ ਤੋਂ ਵੱਧ ਸੰਤਾਪ ਵੀ ਬੀਬੀਆਂ ਹੀ ਭੋਗ ਰਹੀਆਂ ਹਨ। ਭਾਵੇਂ ਉਹ ਮਾਂ ਦੇ ਰੂਪ ਵਿੱਚ ਹਨ, ਪਤਨੀ ਦੇ ਰੂਪ ਵਿੱਚ ਜਾਂ ਧੀ ਵਜੋਂ, ਬੀਬੀਆਂ ਦੇ ਦੁੱਖ ਦੀ ਸੀਮਾ ਦਾ ਕੋਈ ਵੀ ਅੰਤ ਨਹੀਂ।

ਜੇਕਰ ਸਮਾਜ ਦੀਆਂ ਬੀਬੀਆਂ ਇਹ ਧਾਰ ਲੈਣ ਕਿ ਅਸੀਂ ਨਸ਼ੇ ਵੰਡਣ ਵਾਲੀਆਂ ਪਾਰਟੀਆਂ ਤੇ ਲੋਕਾਂ ਨੂੰ ਵੋਟਾਂ ਨਹੀਂ ਪਾਉਣੀਆਂ ਤਾਂ ਰਾਜਨੀਤਕਾਂ ਨੂੰ ਵੋਟਾਂ ਲੈਣ ਲਈ ਆਪਣੇ ਢੰਗ ਤਰੀਕੇ ਬਦਲਣ ਤੇ ਮਜ਼ਬੂਰ ਹੋਣਾ ਪਵੇਗਾ।

ਲੋੜ ਹੈ ਤਾਂ ਕੇਵਲ ਬੀਬੀਆਂ ਦੀ ਇਸ ਵਿਸ਼ਾਲ ਸ਼ਕਤੀ ਤੱਕ ਇਹ ਸੁਨੇਹਾ ਪਹੁੰਚਾਉਣ ਦੀ ਅਤੇ ਉਹਨਾਂ ਨੂੰ ਤਿਆਰ ਕਰਨ ਦੀ ਕਿ ਐਤਕੀ ਨਸ਼ੇ ਵੰਡਣ ਵਾਲੀਆਂ ਸ਼ਕਤੀਆਂ ਨੂੰ ਕਰਾਰੀ ਭਾਂਜ ਦੇਣ ਦੀ ਤਿਆਰੀ ਕਰ ਲੈਣ।

ਨਸ਼ੇ ਵੰਡਣ ਵਿੱਚ ਕਿਸੇ ਇੱਕ ਪਾਰਟੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਸਾਰੇ ਹੀ ਇੱਕੋ ਜਿਹੇ ਹਨ ਕੋਈ ਭੋਰਾ ਵਧ ਤੇ ਕੋਈ ਮਾਸਾ ਘੱਟ। ਜੇਕਰ ਅਜਿਹੀ ਮੁਹਿੰਮ ਹੁਣ ਤੋਂ ਹੀ ਆਰੰਭ ਦਿੱਤੀ ਜਾਏ ਤਾਂ ਰਾਜਨੀਤਕ ਪਾਰਟੀਆਂ ਨੂੰ ਮਜਬੂਰੀ ਵਸ ਇਹ ਐਲਾਨ ਕਰਨੇ ਪੈਣਗੇ ਕਿ ਉਹ ਨਸ਼ੇ ਨਹੀਂ ਵੰਡਣਗੇ ਤੇ ਨਸ਼ੇ ਵੰਡਣ ਵਾਲਿਆਂ ਨੂੰ ਭੰਡਣਗੇ।

ਇਸ ਵੇਲੇ ਪੰਜਾਬ ਦੇ ਲੋਕ ਅਜਿਹੀ ਮੁਹਿੰਮ ਲਈ ਤਿਆਰ ਬੈਠੇ ਹਨ। ਲੋੜ ਹੈ ਤਾਂ ਕੇਵਲ ਕਾਰਜਸ਼ੀਲ ਹੋਣੀ। ਹਰ ਨੌਜਵਾਨ ਸੂਝਵਾਨ ਆਪਣੇ ਇਲਾਕੇ ਦੀਆਂ ਦੀਵਾਰਾਂ ਇਹਨਾਂ ਨਾਅਰਿਆਂ ਨਾਲ ਭਰ ਦੇਣ। ਘਰ ਘਰ ਇਸ਼ਤਿਹਾਰ ਪਹੁੰਚਾ ਦੇਣ। ਜਿੰਨੀ ਮਿਹਨਤ ਲੀਡਰ ਸੀਟ ਲੈਣ ਲਈ ਤੇ ਇਲੈਕਸ਼ਨ ਜਿੱਤਣ ਲਈ ਕਰਦੇ ਹਨ ਉਸ ਤੋਂ ਅੱਧੀ ਮਿਹਨਤ ਵੀ ਅਸੀਂ ਜੇਕਰ ਨਸ਼ੇ ਰੋਕਣ ਲਈ ਕਰ ਦੇਈਏ ਤਾਂ ਚੰਗੇ ਸਿੱਟੇ ਮਿਲ ਸਕਦੇ ਹਨ।

ਆਓ ਸਭ ਸੰਸਥਾਵਾਂ ਤੇ ਜਾਗਰੂਪ ਵੀਰ/ਭੈਣਾਂ ਰਲ ਕਿ ਹੇਠ ਲਿਖੇ ਕਾਰਜ ਕਰੀਏ :

1. ਉਪਰੋਕਤ ਅਤੇ ਹੋਰ ਨਾਅਰੇ ਘਰ-ਘਰ ਵੰਡੀਏ, ਦੀਵਾਰਾਂ ਤੇ ਲਿਖੀਏ, ਗੁਰਦੁਆਰਾ ਤੇ ਹੋਰ ਸਮਾਗਮਾਂ ਦੀਆਂ ਸਟੇਜਾਂ ਤੇ ਬੋਲੀਏ, ਦੁਹਰਾਈਏ, ਪ੍ਰਣ ਕਰਵਾਈਏ।
2. ਥਾਂ ਥਾਂ ਤੇ ਨਸ਼ੇ ਛੱਡੋ ਜਾਗਰਤੀ ਸੈਮੀਨਾਰ, ਸਮਾਗਮ ਆਯੋਜਤ ਕਰੀਏ।
3. ਮੁੱਖ ਚੋਣ ਕਮਿਸ਼ਨਰ, ਨਵੀਂ ਦਿੱਲੀ 110 001 ਨੂੰ ਪੱਤਰ ਲਿਖੀਏ ਕਿ ਚੋਣ ਜਾਬਤੇ ਵਿੱਚ ਨਸ਼ਿਆਂ ਦੀ ਵਰਤੋਂ ਰੋਕਣ ਲਈ ਠੋਸ ਤੇ ਸਖ਼ਤ ਉਪਰਾਲੇ ਕੀਤੇ ਜਾਣ।
4. ਥਾਂ ਥਾਂ ਤੇ ਸਾਰੀਆਂ ਸਭਾ ਸੁਸਾਇਟੀਆਂ ਉਪਰੋਕਤ ਵਿਸ਼ੇ ਬਾਰੇ ਇਕੱਤਰਤਾਵਾਂ ਕਰਨ ਤੇ ਲੋਕ ਰਾਇ ਤੇ ਲੋਕ ਮੁਹਿੰਮ ਆਰੰਭ ਕਰਨ।

ਯਾਦ ਰੱਖੀਏ, ਜੇਕਰ ਅਸੀਂ ਸਮਾਂ ਖੁੰਝਾ ਦਿੱਤਾ ਤਾਂ ਨਸ਼ਿਆਂ ਵਿੱਚ ਪੰਜਾਬ ਦੀ ਜਵਾਨੀ ਤਬਾਹ ਹੋ ਜਾਵੇਗੀ। ਫਿਰ ਪਤਾ ਨਹੀਂ ਹੋਰ ਕਿੰਨੇ ਯਤਨ ਕਰਨੇ ਪੈਣਗੇ ਉਹਨਾ ਨੂੰ ਬਚਾਉਣ ਲਈ।

## ਸੰਗੀਤ ਕਲਾ ਮੰਚ (ਰਜਿ.) ਜਲੰਧਰ

ਸੰਗੀਤ ਕਲਾ ਮੰਚ (ਰਜਿ.) ਜਲੰਧਰ ਦੇ ਸਕੱਤਰ ਪ੍ਰੋ. ਜੋਗਿੰਦਰ ਬਾਵਰਾ ਸੂਚਨਾ ਦਿੰਦੇ ਹਨ ਕਿ ਮੰਚ ਵਲੋਂ 40ਵਾਂ ਸ਼ਾਸਤਰੀ ਸੰਗੀਤ ਸੰਮੇਲਨ ਉਸਤਾਦ ਸਲਾਮਤ ਅਲੀ ਖਾਂ ਨੂੰ ਸਮਰਪਿਤ ਹੋਵੇਗਾ। ਇਹ ਸੰਮੇਲਨ ਮਿਤੀ 7-10-2001 ਨੂੰ ਸ਼ਾਮ 4 ਤੋਂ 7 ਵਜੇ ਤਕ ਲਾਇਨਜ਼ ਭਵਨ ਜਲੰਧਰ ਦੇ ਹਾਲ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਵਿੱਚ ਸ੍ਰੀ ਬ੍ਰਿਜ ਭੂਸ਼ਣ ਗੋਸੁਆਮੀ (ਧਰੁਪਦ), ਸ੍ਰੀ ਰਾਮ ਕਿਸ਼ੋਰ ਦਾਸ (ਪਖਾਵਜ), ਸ੍ਰੀ ਪਰਸ਼ੋਤਮ ਮਹਿਤਾ (ਸਿਤਾਰ), ਸ੍ਰੀ ਹਰੀਸ਼ ਤਿਵਾੜੀ (ਗਾਇਨ), ਸ੍ਰੀ ਰਮਾਕਾਂਤ (ਤਬਲਾ) ਸ੍ਰੀ ਅਵਿਰਭਾਵ (ਤਬਲਾ) ਦੁਆਰਾ ਮਰਹੂਮ ਉਸਤਾਦ ਨੂੰ ਸੁਰਮਈ ਸ਼ਰਧਾਂਜਲੀ ਅਰਪਿਤ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਪ੍ਰੋ. ਜੋਗਿੰਦਰ ਬਾਵਰਾ, ਸੰਗੀਤ ਕਲਾ ਮੰਚ. ਈ. ਐਮ. 144, ਰਾਸਤਾ ਮੁਹਲਾ, ਜਲੰਧਰ ਨਾਲ ਸੰਪਰਕ ਕੀਤਾ ਜਾਵੇ।


Phone : (O) 3312440
Resi. : 5721753

*Sawhney Cloth House*

46, Shanker Market, Connaught Circus, New Delhi - 110 001

# ਪੁਸਤਕ ਸਮੀਖਿਆ


## ਗੁਰਜੰਤ ਸਿੰਘ ਰਾਹੀ

ਗੁਰਮਤਿ ਸੰਗੀਤ ਵਿਦਿਆਲਾ, ਬੀ-367, ਸ਼ੇਖੂਪੁਰਾ, ਸੁਨਾਮੀ ਗੇਟ, ਸੰਗਰੂਰ।


**ਪੁਸਤਕ ਦਾ ਨਾਂ** : ਈਸਰ ਸੰਗੀਤ ਸਾਗਰ ਹਰਮੋਨੀਅਮ ਤੇ ਤਬਲਾ ਗਾਈਡ
**ਲੇਖਕ** : ਉਸਤਾਦ ਸ਼ਾਮ ਸਿੰਘ **ਪੰਨੇ** : 151 **ਕੀਮਤ** : 125 ਰੁਪਏ
**ਪ੍ਰਕਾਸ਼ਕ** : ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬਾਬ ਦੇ ਸੁਰ ਵਿੱਚ ਸੁਰ ਮਿਲਾ ਕੇ ਸਮੇਂ ਅਤੇ ਸਥਾਨ ਦੇ ਰਾਗ ਅਨੁਸਾਰ ਇਲਾਹੀ ਬਾਣੀ ਧੁਰ ਕੀ ਬਾਣੀ, ਬਾਣੀਆਂ ਦੀ ਸਿਰਮੌਰ ਬਾਣੀ ਦੇ ਸ਼ਬਦਾਂ ਦਾ ਗਾਇਨ ਕੀਤਾ ਤਾਂ ਅਜਿਹਾ ਸਮਾਂ ਬਝਦਾ ਸਾਰੀ ਕਾਇਨਾਤ ਇੱਕ ਸੁਰ ਹੋ ਜਾਂਦੀ ਸਾਰੇ ਜੜ ਚੇਤਨ ਮੰਤਰਮੁਗਧ ਹੋ ਜਾਂਦੇ। ਸ਼ਬਦ ਦਾ ਤੀਰ ਸਿਧਾ ਨਿਸ਼ਾਨੇ ਜਾ ਲਗਦਾ ਜਿਸ ਨਾਲ ਠੱਗ ਵੀ ਸਜਣ ਬਣ ਜਾਂਦੇ। ਵੱਡੇ-ਵੱਡੇ ਹੰਕਾਰੀ ਜੋਗੀਆਂ, ਪੰਡਤਾਂ ਤੇ ਮੁਲਾਣਿਆਂ ਦੀ ਵੀ ਮਤ ਟਿਕਾਣੇ ਆ ਜਾਂਦੀ ਅੰਤ ਵਿੱਚ ਗੁਰੂ ਨਾਨਕ ਦੇ ਚਰਨਾਂ ਉੱਪਰ ਸੀਸ ਝੁਕ ਕੇ ਮੁੜ ਬਾਬੇ ਨੂੰ ਆਦੇਸ਼ ਕਹਿੰਦੇ ਨਮਸਕਾਰ ਕਰਦੇ ਸਿਜਦੇ ਕਰਦੇ। ਗੁਰਬਾਣੀ ਦੇ ਸ਼ਬਦਾਂ ਦਾ ਨਿਰਧਾਰਤ ਰਾਗਾਂ ਅਤੇ ਧੁਨਾਂ ਵਿੱਚ ਗਾਇਨ ਕਰਨ ਦਾ ਨਾਂ ਕੀਰਤਨ ਪਿਆ। ਵੈਸੇ ਕੀਰਤਨ ਲਫਜ ਕੀਰਤੀ ਉਸਤਤ ਤੋਂ ਬਣਿਆ। ਪ੍ਰਮਾਤਮਾ ਦੇ ਗੁਣਾਂ ਦੀ ਉਸਤਤ ਕਰਨੀ ਗੁਣਾਂ ਦਾ ਗਾਇਨ ਕਰਨਾ। ਗੁਰਬਾਣੀ ਕੀਰਤਨ ਸੁਣਨਾ ਅਤੇ ਕਰਨਾ ਸਿੱਖ ਧਰਮ ਦੇ ਮੁਢਲੇ ਜ਼ਰੂਰੀ ਅਸੂਲਾਂ ਵਿੱਚੋਂ ਇੱਕ ਹੈ। ਇਹ ਪਰੰਪਰਾ ਨਿਰੰਤਰ ਚਲੀ ਆ ਰਹੀ ਹੈ। ਕੀਰਤਨ ਦੀ ਸਿਖਲਾਈ ਕਾਬਲ ਉਸਤਾਦ ਕਰਵਾਉਂਦੇ ਰਹੇ ਸੀਨਾ-ਬ-ਸੀਨਾ ਇਹ ਵਿਦਿਆ ਹੁਣ ਤਕ ਸੁਰਖਿਅਤ ਹੈ।

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਵਿਦਿਆ ਦਾ ਯੁੱਗ ਤੇ ਪੜ੍ਹਾਈ ਲਿਖਾਈ ਦਾ ਯੁੱਗ ਹੈ। ਸਾਰੀ ਵਿੱਦਿਆ ਲਿਖਤੀ ਰੂਪ ਵਿੱਚ ਕਿਤਾਬੀ ਸ਼ਕਲ ਧਾਰਨ ਕਰਕੇ ਸੁਰਖਿਅਤ ਹੋ ਗਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਖਵੀਂ ਕਰ ਲਈ ਹੈ। ਗੁਰਬਾਣੀ ਸੰਗੀਤ ਦੇ ਵਿਸ਼ੇ ਉਪਰ ਰਾਗਾਂ ਦੀਆਂ ਸੁਰ ਲਿਪੀਆਂ ਅਤੇ ਤਬਲੇ ਦੀਆਂ ਗਤਾਂ ਆਦਿ ਲਿਪੀ ਪੂਰਵਕ ਲਿਖ ਕੇ ਨਵੇਂ ਸਿਖਿਆਰਥੀਆਂ ਦੀ ਚੰਗੀ ਅਗਵਾਈ ਕਰ ਸਕਦੀਆਂ ਹਨ ਤੇ ਕਰ ਵੀ ਰਹੀਆਂ ਹਨ। ਜਿਸ ਵਿਦਿਆਰਥੀ ਨੂੰ ਸੁਰ ਲਿਪੀ ਬਾਰੇ ਤਾਲ ਬਾਰੇ ਗਿਆਨ ਹੈ ਤਾਂ ਉਹ ਕਿਸੇ ਵੀ ਕਿਤਾਬ ਵਿੱਚ ਲਿਖੀ ਬੰਦਸ਼ ਨੂੰ ਗਾ ਵਜਾ ਸਕਦਾ ਹੈ। ਇੱਥੇ ਇਹ ਵੀ ਜ਼ਰੂਰੀ ਹੈ ਕਿ ਉਹ ਲਿਖੀ ਸਹੀ ਢੰਗ ਨਾਲ ਹੋਵੇ। ਥੋੜ੍ਹੀ ਜਿਹੀ ਰਹੀ ਗਲਤੀ ਸਾਰੀ ਮਿਹਨਤ ਉਪਰ ਪਾਣੀ ਫੇਰ ਦੇਵੇਗੀ ਸਿਖਿਆਰਥੀ ਦੇ ਪੱਲੇ ਕੁਝ ਨਹੀਂ ਪਵੇਗਾ।

'ਈਸਰ ਸੰਗੀਤ ਸਾਗਰ' ਦੇ ਲੇਖਕ ਉਸਤਾਦ ਸ਼ਾਮ ਸਿੰਘ ਜੀ ਸੰਤ ਬਾਬਾ ਈਸਰ ਸਿੰਘ ਜੀ ਕਲੇਰਾਂ ਵਾਲਿਆਂ ਦੇ ਵਰੋਸਾਏ ਹੋਏ ਕੀਰਤਨੀਏ ਹਨ ਜੋ ਸਾਰੀ ਉਮਰ ਇਸ ਸੰਪ੍ਰਦਾਇ ਨਾਲ ਸਬੰਧਤ ਰਹੇ। ਮੈਨੂੰ ਰਾਗੀ ਕੇਹਰ ਸਿੰਘ ਜੀ ਦੇ ਦਰਸ਼ਨ ਕਰਨ ਕੁਝ ਸਮਾਂ ਸੰਗਤ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ਮੈਂ ਉਹਨਾਂ ਦੇ ਕੀਰਤਨ ਤੋਂ ਅੱਜ ਤਕ ਪ੍ਰਭਾਵਤ ਹਾਂ। ਉਹਨਾਂ ਉਪਰ ਪੂਰਨ ਕ੍ਰਿਪਾ ਸੀ। ਉਸਤਾਦ ਸ਼ਾਮ ਸਿੰਘ ਜੀ ਵੀ ਉਸੀ ਮਾਲਾ ਦੇ ਮੋਤੀ ਹਨ। ਸਾਰੀਆਂ ਬੰਦਸ਼ਾਂ ਜੋ ਉਹਨਾਂ ਨੇ ਪੁਰਾਣੇ ਰਾਗੀਆਂ ਰਬਾਬੀਆਂ ਤੋਂ ਸਿਖੀਆਂ ਉਹਨਾਂ ਨੂੰ ਕਿਤਾਬੀ ਸਕਲ ਵਿੱਚ ਲਿਖ ਕੇ ਗੁਰਮਤਿ ਸੰਗੀਤ ਦੇ ਭੰਡਾਰੇ ਨੂੰ ਭਰਪੂਰ ਕੀਤਾ ਹੈ ਉਥੇ ਆਪਣਾ ਵੀ ਜਨਮ ਸਫਲ ਕੀਤਾ ਹੈ ਅਤੇ ਸਦੀਵੀ ਉਸਤਾਦ ਦੀ ਪਦਵੀ ਪ੍ਰਾਪਤ ਕੀਤੀ ਹੈ। ਕਿਉਂਕਿ ਜਿੱਥੇ ਤਕ ਸਰੀਰ ਨਹੀਂ ਜਾ ਸਕਿਆ ਕਿਤਾਬ ਚਲੀ ਜਾਵੇਗੀ। ਜੋ ਵਿਦਿਆਰਥੀ ਨਿੱਜੀ ਤੌਰ ਨਹੀਂ ਸਿੱਖ ਸਕੇ ਉਹ ਕਿਤਾਬ ਰਾਹੀਂ ਵਿਦਿਆ ਪ੍ਰਾਪਤ ਕਰਕੇ ਆਪਣੇ ਗੁਣਾਂ ਵਿੱਚ ਵਾਧਾ ਕਰ ਸਕਣਗੇ। ਪੁਸਤਕ ਵਾਚਣ ਅਤੇ ਪ੍ਰੈਕਟੀਕਲੀ ਵਜਾ ਕੇ ਵੇਖੀਆਂ ਬੰਦਸ਼ਾਂ ਬੜੀਆਂ ਪਿਆਰੀਆਂ ਲਗੀਆਂ। ਕੁਝ ਕੁ ਦਾ ਜਿਕਰ ਕਰ ਦੇਣਾ ਠੀਕ ਸਮਝਦਾ ਹਾਂ ਸਿਰੀ ਰਾਗ ਵਿੱਚ 'ਰਾਗਾਂ ਵਿੱਚ ਸਿਰੀ ਰਾਗ ਹੈ'। ਮਾਝ ਵਿੱਚ 'ਮੇਰਾ ਮਨ ਲੋਚੇ ਗੁਰਦਰਸਨ ਤਾਈ' ਰਾਗ ਆਸਾ ਵਿੱਚ 'ਨਿਕਟੀ ਹੋਏ ਦਿਖਾਵੈ' ਟੋਡੀ ਵਿੱਚ ਪੜਤਾਲ 'ਮਾਈ ਮੇਰੇ ਮਨ ਕੀ ਪਿਆਸ

ਵਡੇ ਤੇ ਖਿਕਟ ਤਾਲਾਂ ਦੀ ਵਰਤੋਂ ਵੀ ਕੀਤੀ ਹੈ। ਤੀਨਤਾਲ ਤੋਂ ਬਿਨਾ ਏਕ ਤਾਲ, ਚਾਰ ਤਾਲ, ਝਪਤਾਲ, ਰੂਪਕ, ਧਮਾਰ ਤਾਲ ਤੋਂ ਬਿਨਾਂ ਪੜਤਾਲ ਵਿੱਚ 11 ਮਾਤਰਾਂ ਦਾ ਜੈ ਗੋਪਾਲ ਤਾਲ ਦਾ ਪ੍ਰਯੋਗ ਵੀ ਕੀਤਾ ਹੈ ਜੋ ਇਨ੍ਹਾਂ ਦੀ ਵਿਦਵਤਾ ਦਾ ਉਸਤਾਦੀ ਦਾ ਸਬੂਤ ਹੈ।

ਪੁਸਤਕ ਦੇ ਦੋ ਭਾਗ ਹਨ ਪਹਿਲੇ ਭਾਗ ਵਿੱਚ ਇਕੱਤੀ ਰਾਗਾਂ ਵਿੱਚ ਸ਼ਬਦਾਂ ਦੀਆਂ ਸੁਰ ਲਿਪੀਆਂ ਹਨ ਦੂਸਰੇ ਭਾਗ ਵਿੱਚ ਤਬਲੇ ਦੀ ਜਾਣਕਾਰੀ ਹੈ। ਪੁਸਤਕ ਵਾਚਣ ਤੇ ਕੁਝ ਊਣਤਾਈਆਂ ਨਜ਼ਰ ਆਈਆਂ ਹਨ ਧਿਆਨ ਵਿੱਚ ਲਿਆਉਣਾ ਆਪਣਾ ਫਰਜ ਸਮਝਦਾ ਹਾਂ ਤਾਂ ਕਿ ਸੁਧਾਈ ਹੋ ਸਕੇ। ਸਿਰੀ ਰਾਗ ਦੀ ਪਹਿਲੀ ਬੰਦਸ਼ 'ਰਾਜਾ ਰਾਮ ਅਨਹਦ ਕਿੰਗਰੀ ਬਾਜੈ' ਤੀਨ ਤਾਲ ਦੀ 13ਵੀਂ ਮਾਤਰ ਤੋਂ ਸ਼ੁਰੂ ਹੁੰਦੀ ਹੈ। ਜੋੜ ਦੀ ਦੂਜੀ ਪੰਗਤੀ ਅਚਰਜ ਚਾਰ ਮਾਤਰਾਂ ਨਾਂ ਸੁਰਾਂ ਨਾਂ ਸ਼ਬਦ। ਰਾਗ ਰਾਮ ਕਲੀ ਵਿੱਚ ਮੇ (ਤੀਵਰ) ਵੀ ਲਗਦਾ ਹੈ ਪਰ ਪਹਿਲੀਆਂ ਤਿੰਨ ਬੰਦਸ਼ਾਂ ਵਿੱਚ ਇੱਕ ਵਾਰ ਵੀ ਮੇ ਨਹੀਂ ਲਗਿਆ ਜਿਸ ਨਾਲ ਰਾਗ ਓਪਰਾ ਓਪਰਾ ਮਹਿਸੂਸ ਹੋਇਆ। ਇਸ ਵਿੱਚ ਜ਼ਿਆਦਾ ਲੇਖਕ ਦਾ ਦੋਸ਼ ਨਹੀਂ ਪਰੂਫ ਧਿਆਨ ਨਾਲ ਨਹੀਂ ਪੜ੍ਹਿਆ ਗਿਆ। ਏਸੇ ਤਰ੍ਹਾਂ ਰਾਗਾਂ ਦੇ ਵਿਵਰਨ ਵਿੱਚ ਕਈ ਥਾਂ ਸਿਰਫ ਰਾਗ ਦਾ ਆਰੋਹ, ਅਵਰੋਹ ਹੀ ਲਿਖਿਆ ਹੈ ਪਕੜ ਨਹੀਂ ਲਿਖੀ ਜਿਸ ਤੋਂ ਬਿਨਾਂ ਰਾਗ ਸਪਸ਼ਟ ਨਹੀਂ ਹੁੰਦਾ ਕਈ ਥਾਂ ਤੇ ਪਕੜ ਤੋਂ ਬਾਦ ਅਲਾਪ ਵੀ ਲਿਖਿਆ ਮਿਲਦਾ ਹੈ। ਤਜਰਬੇ ਦੇ ਆਧਾਰ ਤੇ ਮੈਨੂੰ ਇਹ ਲਗਦੇ ਕਿ ਕਿਸੇ ਵਿਦਿਆਰਥੀ ਦੀ ਕਾਪੀ ਹੀ ਛਪਾਈ ਲਈ ਪ੍ਰੈਸ ਵਿੱਚ ਭੇਜ ਦਿੱਤੀ ਗਈ। ਜੇਕਰ ਸਪੈਸ਼ਲ ਪ੍ਰੈਸ ਵਾਸਤੇ ਲਿਖੀ ਹੁੰਦੀ ਤਾਂ ਜ਼ਰੂਰੀ ਸੀ ਸਾਰੇ ਰਾਗਾਂ ਬਾਰੇ ਇੱਕੋ ਜਿਹਾ ਸੰਪੂਰਨ ਵਿਵਰਨ ਦਿੱਤਾ ਜਾਂਦਾ।

ਦੂਸਰਾ ਭਾਗ ਤਬਲੇ ਸੰਬੰਧੀ ਹੈ ਕਿਤਾਬ ਦੇ ਸ਼ੁਰੂ ਵਿੱਚ ਹੀ 31 ਰਾਗਾਂ ਦੇ ਵੇਰਵੇ ਤੋਂ ਬਾਦ 17 ਘਰਾਂ ਦਾ ਜਿਕਰ ਕੀਤਾ ਹੈ। ਇਸ ਦਾ ਆਧਾਰ ਸਾਮ ਵੇਦ ਦੀ ਖੋਜ ਦੱਸਿਆ ਹੈ। ਕਿ ਜੋੜੀ ਦੇ ਤਾਲ ਨੂੰ ਘਰ ਕਹਿੰਦੇ ਹਨ। ਸਾਮ ਵੇਦ ਸਾਰਾ ਸੰਗੀਤ ਦਾ ਗ੍ਰੰਥ ਨਹੀਂ ਹੈ ਕੁਝ ਭਾਗ ਵਿੱਚ ਸੰਗੀਤ ਦਾ ਵਰਨਣ ਹੈ। ਜੇਕਰ ਅਧਿਆਏ ਜਾਂ ਪੰਨਾ ਨੰ: ਦਾ ਜਿਕਰ ਕਰ ਦਿੰਦੇ ਤਾਂ ਇਹ ਵੀ ਮਸਲਾ ਹਲ ਹੋ ਜਾਂਦਾ ਕਿਉਂਕਿ ਸਾਰੇ ਸੰਗੀਤ ਦੇ ਵਿਦਵਾਨ ਇਹ ਤਾਂ ਤਸਲੀਮ ਕਰਦੇ ਹਨ ਕਿ ਘਰ ਦਾ ਸਬੰਧ ਤਾਲ (ਰਿਦਮ) ਨਾਲ ਹੈ। ਪਰ ਇੱਥੇ ਦੋ ਮਤ ਹਨ ਘਰ ਮਾਤਰਾਂ ਹਨ ਜਾਂ ਪੂਰਨ ਤਾਲ। ਪੁਸਤਕ ਵਿਚ ਆਏ 17 ਘਰ (ਤਾਲਾਂ) ਵਿੱਚ 1 ਪਉੜੀ 2 ਸਾਨ ਅਤੇ 16 ਪੰਜ ਤਾਲ 17ਵਾਂ ਖਟ ਤਾਲ। ਪਉੜੀ ਆਸਾ ਦੀ ਵਾਰ ਦੀ ਪਉੜੀ ਦੇ ਗਾਇਨ ਸਮੇਂ ਵਜਾਈ ਜਾਂਦੀ 4 ਮਾਤਰਾਂ ਦੀ ਤਾਲ ਹੈ। ਜੋ ਨਿਰੋਲ ਗੁਰਮਤਿ ਸੰਗੀਤ ਵਿੱਚ ਹੈ ਵੈਦਿਕ ਸੰਗੀਤ ਵਿੱਚ ਨਹੀਂ ਹੈ। ਸਾਨ ਤਬਲੇ ਦੇ ਖੇਤਰ ਵਿੱਚ ਸੁਣਨ ਨੂੰ ਨਹੀਂ ਮਿਲਿਆ ਤਾਲਾਂ ਦੇ ਵਿਸਥਾਰ ਵਿੱਚ ਸਾਨ 8 ਮਾਤਰਾਂ ਦਾ ਤਾਲ ਦਸਿਆ ਹੈ ਜਿਸਦੇ ਬੋਲ ਧਾ ਦੂੰ ਨਾ ਤਾ ਤਾ ਦੂੰ ਨਾ ਤਾ ਲਿਖੇ ਹਨ ਜਦੋਂ ਕਿ ਇਹ ਕਹਿਰਵੇ ਦਾ ਪ੍ਰਕਾਰ ਲਗਦਾ ਹੈ। ਪੁਰਾਣੇ ਰਾਗੀ ਕਹਿਰਵੇ ਨੂੰ ਤਿਲਵੜਾ ਵੀ ਕਿਹਾ ਕਰਦੇ ਸਨ। ਘਰ ਦੇ ਸਬੰਧ ਵਿੱਚ 'ਰਾਗ ਬਸੰਤ ਮਹਲਾ ੧ ਘਰ ੧' ਅਸੀਂ ਇਸ ਦਾ ਉਚਾਰਨ ਘਰ ਪਹਿਲਾ ਕਰਦੇ ਹਾਂ ਘਰ ਇੱਕ ਨਹੀਂ। ਜੇ ਘਰ ਇੱਕ ਕਰੀਏ ਤਾਂ ਇੱਕ ਤਾਲ ਪਰ ਘਰ ਪਹਿਲਾ ਕੀ? 'ਸੂਹੀ ਮਹਲਾ ੧ ਘਰ ਦੂਜਾ' ਦੂਜਾ ਤਾਲ ਕਿਹੜਾ, ਘਰ ੩ ਤੀਨ ਤਾਲ, ਘਰ ਪੰਜਵਾਂ ਪੰਜ ਤਾਲ। ਘਰ ਚਾਰ ਤਾਲ ਘਰ 12 ਕਿਹੜਾ ਤਾਲ।

ਇਹ ਵਿਸ਼ਾ ਅਜੇ ਵਿਦਵਾਨਾਂ ਦੀ ਖੋਜ ਦਾ ਮੁਥਾਜ ਹੈ। ਇਸ ਤੇ ਖੋਜ ਹੋਣੀ ਬਾਕੀ ਹੈ। ਤਬਲੇ ਵਾਲੇ ਭਾਗ ਵਿੱਚ ਪੁਰਾਣਾ ਬੇਸਲੀਮਤੀ ਤਬਲੇ -ਪਖਾਵਜ ਦਾ ਸਬਕ ਨਵਿਆਂ ਸਿਖਿਆਰਥੀਆਂ ਵਾਸਤੇ ਲਿਖਿਆ ਹੈ ਜੋ ਕਿ ਵਾਕਿਆ ਹੀ ਸਾਂਭਣਾ ਬਣਦਾ ਸੀ। ਜਿਸਦੀ ਸੰਭਾਲ ਅਤੀ ਜ਼ਰੂਰੀ ਹੈ ਤਾਂ ਕਿ ਪਿਉ ਦਾਦੇ ਦਾ ਖਜਾਨਾ ਸਾਂਭਿਆ ਰਹੇ। ਪਰ ਇੱਥੇ ਵੀ ਲਾਪਰਵਾਹੀ ਵਰਤੀ ਗਈ ਹੈ ਧਿਆਨ ਨਹੀਂ ਦਿੱਤਾ ਗਿਆ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਲਿਖਾਰੀ ਨੂੰ ਤਾਲ ਲਿਪੀ ਬਾਰੇ ਲਿਖਣਾ ਨਹੀਂ ਆਉਂਦਾ ਮਾਤਰ ਵੰਡ ਤਾਲੀ ਖਾਲੀ ਸਹੀ ਲਿਖੀ ਹੈ। ਪਰ ਫਿਰ ਵੀ ਜੋ ਮਾਤਰਾਂ ਪੂਰੀਆਂ ਨਹੀਂ ਹੋਈਆਂ ਤਾਂ ਉਸ ਤਰ੍ਹਾਂ ਹੀ ਰਹਿਣ ਦਿੱਤਾ ਜਾਵੇ ਤੀਨ ਤਾਲ ਦੀ ਦੁਗਣ ਨੰ: 7,0,9 ਫਟਕੀਆਂ ਹੋਰ ਤਾਲਾਂ ਵਿੱਚ ਵੀ ਜੋ ਵਧ ਘਟ ਮਾਤਰਾਂ ਦੀਆਂ ਉਹਨਾਂ ਸਬੰਧੀ ਸੰਕੇਤ ਦੇਣੇ ਬਣਦੇ ਸਨ ਕਿ ਫਲਾਂ ਮਾਤਰਾਂ ਤੋਂ ਸ਼ੁਰੂ ਕਰੋ। ਕਿਤਾਬ ਉਸਤਾਦ ਦੀ ਥਾਂ ਤਾਂ ਨਹੀਂ ਲੈ ਸਕਦੀ ਪਰ ਠੀਕ ਢੰਗ ਨਾਲ ਲਿਖੀ ਪੁਸਤਕ ਅਗਵਾਈ ਜ਼ਰੂਰ ਕਰ ਸਕਦੀ ਹੈ। ਉਸਤਾਦ ਸ਼ਾਮ ਸਿੰਘ ਜੀ ਨੇ ਤਨ ਦੇਹੀ ਨਾਲ ਮਿਹਨਤ ਕੀਤੀ ਹੈ ਇਸ ਤੋਂ ਗੁਰਬਾਣੀ ਸੰਗੀਤ ਸਿਖਣ ਵਾਲੇ ਅਤੇ ਅਧਿਆਪਕ ਜ਼ਰੂਰ ਲਾਭ ਲੈਣਗੇ। ਗੁਰਬਾਣੀ ਅਤੇ ਸੰਗੀਤ ਅਥਾਹ ਸਮੁੰਦਰ ਹੈ। ਜਿਸਦਾ

ਪਾਰਵਾਰ ਨਹੀਂ। ਨਵੇ ਰਾਗੀ ਸਿੰਘਾਂ ਨੂੰ ਇਹ ਸਲਾਹ ਹੈ ਕਿ ਇਨਾਂ ਬੰਦਸ਼ਾਂ ਨੂੰ ਆਪਣੇ ਕੀਰਤਨ ਵਿੱਚ ਸ਼ਾਮਲ ਕਰਕੇ ਗੁਰੂ ਸੰਗਤਾਂ ਤਕ ਪੁਚਾਓ ਤਾਂ ਕਿ ਲੇਖਕ ਦੀ ਕੀਤੀ ਮਿਹਨਤ ਸਫਲ ਹੋ ਸਕੇ।

♦ ♦ ♦

**ਪੁਸਤਕ ਦਾ ਨਾਂ :** ਦਸਮ ਗੁਰੂ ਗਿਰਾ ਸੰਗੀਤ ਛੰਦ

**ਲੇਖਕ :** ਉਸਤਾਦ ਸੁਰਜੀਤ ਸਿੰਘ

**ਪ੍ਰਕਾਸ਼ਕ :** ਦੀ ਕਲਗੀਧਰ ਟਰੱਸਟ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ, ਗੁਰਦੁਆਰਾ ਬੜੂ ਸਾਹਿਬ ਜਿਲ੍ਹਾ ਸਿਰਮੌਰ ਹਿਮਾਚਲ ਪ੍ਰਦੇਸ਼।

**ਪੰਨੇ :** 109 **ਕੀਮਤ :** 80 ਰੁਪਏ

ਗੁਰਬਾਣੀ ਕੀਰਤਨ ਵਿੱਚ ਗਾਇਨ ਕਰਨ ਲਈ ਪ੍ਰਮੁੱਖ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਇਲਾਵਾ ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਅਤੇ ਕਬਿਤ ਸਵਈਏ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਪ੍ਰਮਾਣਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਕਬਿਤ ਸਵਈਆਂ ਦਾ ਗਾਇਨ ਤਾਂ ਸਾਰੇ ਹੀ ਕੀਰਤਨੀਏ ਕਰਦੇ ਹਨ। ਪਰ ਦਸਮ ਗ੍ਰੰਥ ਦੀ ਬਾਣੀ ਜ਼ਿਆਦਾ ਬਰਿਜ ਭਾਸ਼ਾ ਵਿੱਚ ਹੋਣ ਦੇ ਕਾਰਨ ਪ੍ਰਸੰਗਾਂ ਵਿੱਚ ਯੁੱਧ-ਜੰਗ ਦਾ ਵਰਨਣ ਹੋਣ ਕਰਕੇ ਛੰਦ ਦੀ ਚੋਣ ਵੀ ਅਜਿਹੀ ਗੀਤੀ ਹੈ ਜਿਸ ਦੁਆਰਾ ਬੀਰ ਰਸ ਪੈਦਾ ਹੋਵੇ ਪੜ੍ਹਨ ਸੁਣਨ ਵਾਲੇ ਅੰਦਰ ਇੱਕ ਜੋਸ ਪੈਦਾ ਹੋਵੇ। ਅਜਿਹੇ ਛੰਦਾਂ ਨੂੰ ਸੰਗੀਤ ਬਧ ਕਰਨਾ ਇੱਕ ਕਠਨ ਕੰਮ ਹੈ ਜਿਸ ਕਰਕੇ ਵਿਰਲੇ ਹੀ ਇਸ ਦਾ ਗਾਇਨ ਕਰਦੇ ਹਨ। ਉਸਤਾਦ ਸੁਰਜੀਤ ਸਿੰਘ ਜੀ ਨੇ ਇਸ ਕਠਿਨ ਕੰਮ ਨੂੰ ਸਰਲ ਕਰ ਦਿੱਤਾ। ਇਸ ਪੁਸਤਕ ਵਿੱਚ ਦਸਮ ਗ੍ਰੰਥ ਅਤੇ ਸਰਬ ਲੋਹ ਗ੍ਰੰਥ ਵਿੱਚ ਕੁਲ 78 ਸ਼ਬਦ ਚੁਣ ਕੇ ਉਨ੍ਹਾਂ ਨੂੰ 35 ਰਾਗਾਂ ਵਿੱਚ ਬੰਦਸ਼ਾਂ ਲਿਪੀ ਬਧ ਕੀਤੀਆਂ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਉਹ ਬੰਦਸ਼ਾਂ ਹਨ ਜਿਹਨਾਂ ਨੂੰ ਟਕਸਾਲੀ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਸੀਨਾ-ਬਸੀਨਾ ਉਸੇ ਤਰ੍ਹਾਂ ਅੱਗੇ ਚਲਦੀਆਂ ਆ ਰਹੀਆਂ ਹਨ ਉਹਨਾਂ ਦਾ ਉਹੀ ਸਰੂਪ ਕਾਇਮ ਰੱਖਿਆ ਹੈ। ਕੁਝ ਬੰਦਸ਼ਾਂ ਲੇਖਕ ਨੇ ਆਪਣੇ ਵਲੋਂ ਵੀ ਲਿਪੀ ਬਧ ਕੀਤੀਆਂ ਹਨ ਜੋ ਕਿ ਚੰਗੀ ਤਰ੍ਹਾਂ ਗਾ ਵਜਾ ਕੇ ਪਰਖੀਆਂ ਹੋਈਆਂ ਹਨ। ਇਨਾਂ ਬੰਦਸ਼ਾਂ ਨੂੰ ਦਾਦਰਾ ਕਹਿਰਵਾ, ਰੂਪਕ ਮਤ ਮਾਲ 9 ਮਾਤਰਾਂ ਝਪਤਾਲ, ਆਨੰਦ ਤਾਲ 10.5 ਮਾਤਰਾਂ, 11 ਮਾਤਰਾਂ ਮਣੀ ਤਾਲ, ਏਕਤਾਲ ਫਰੋਦਸਤ ਅਤੇ ਤੀਨ ਤਾਲ ਵਿੱਚ ਤਾਲ ਬੱਧ ਕੀਤੀਆਂ ਗਈਆਂ ਹਨ। ਰਾਗਾਂ ਦੀ ਚੋਣ ਕਰਨ ਵੇਲੇ ਇਸ ਗਲ ਦਾ ਧਿਆਨ ਰੱਖਿਆ ਗਿਆ ਹੈ ਕਿ ਹਰ ਸਮੇਂ ਦਾ ਰਾਗ ਸ਼ਾਮਲ ਕੀਤਾ ਗਿਆ ਹੈ। ਉਸਤਾਦ ਸੁਰਜੀਤ ਸਿੰਘ ਜੀ ਬੜੇ ਸੁਲਝੇ ਹੋਏ ਸੰਗੀਤ ਦੇ ਅਧਿਆਪਕ ਹਨ ਆਪਣੇ ਕਿਤੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹਨ ਜਿਹਨਾਂ ਨੂੰ ਗੁਰਬਾਣੀ ਸੰਗੀਤ, ਤਾਲ ਅਤੇ ਛੰਦ (ਕਵਿਤਾ) ਬਾਰੇ ਬੜਾ ਵਿਸਥਾਰਤ ਗਿਆਨ ਰੱਖਦੇ ਹਨ। ਵਿਦਿਆ ਦੇ ਭੰਡਾਰ ਅਤੇ ਸੰਤ ਸੁਭਾ ਦੇ ਮਾਲਕ ਹਨ ਉਸਤਾਦ ਸੁਰਜੀਤ ਸਿੰਘ ਜੀ ਨੇ ਦਸਮ ਗੁਰੂ ਗਿਰਾ ਸੰਗੀਤ ਛੰਦ ਨਾਮੀ ਪੁਸਤਕ ਲਿਖ ਕੇ ਜਿੱਥੇ ਗੁਰਬਾਣੀ ਸੰਗੀਤ ਦੇ ਭੰਡਾਰੇ ਵਿੱਚ ਵਾਧਾ ਕੀਤਾ ਹੈ। ਉੱਥੇ ਕੀਰਤਨ ਦੇ ਸਿਖਿਆਰਥੀਆਂ ਅਤੇ ਕੀਰਤਨੀਆਂ ਲਈ ਵੀ ਸੁਖੇਨ ਕਰ ਦਿੱਤਾ ਹੈ ਇਸ ਪੁਸਤਕ ਦੇ ਜਰੀਏ ਕਠਿਨ ਸਮਝੇ ਜਾਂਦੇ ਸ਼ਬਦਾਂ ਛੰਦਾਂ ਨੂੰ ਥੋੜੀ ਮਿਹਨਤ ਕਰਕੇ ਸਫਲਤਾ ਨਾਲ ਆਪਣੇ ਕੀਰਤਨ ਵਿੱਚ ਸ਼ਾਮਲ ਕਰ ਸਕਣਗੇ। ਜਿੱਥੇ ਉਹ ਆਪ ਗੁਰੂ ਘਰ ਦੀਆਂ ਖੁਸ਼ੀਆਂ ਦੇ ਪਾਤਰ ਬਨਣਗੇ ਉੱਥੇ ਨਾਲ ਹੀ ਲੇਖਕ ਦੀ ਕੀਤੀ ਸੇਵਾ ਵੀ ਸਫਲ ਹੋਵੇਗੀ ਗੁਰਬਾਣੀ ਸੰਗੀਤ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਿਸ ਤਰ੍ਹਾਂ ਆਪ ਨੇ ਪਹਿਲੀਆਂ ਪੁਸਤਕਾਂ ਤਾਲ ਰਤਨ, ਗੁਰਮਤਿ ਸੰਗੀਤ ਵਿੱਚ ਗਾਉੜੀ ਦੇ ਪ੍ਰਕਾਰ, ਰਾਗ ਮਾਲਾ ਰਤਨਾਕਰ ਨੂੰ ਅਪਣਾ ਕੇ ਲਾਗ ਪ੍ਰਾਪਤ ਕੀਤਾ ਹੈ ਇਸੇ ਤਰ੍ਹਾਂ ਇਸ ਪੁਸਤਕ ਪ੍ਰਤੀ ਵੀ ਆਪਣੀ ਰਾਇ ਲਿਖਕੇ ਭੇਜਣਾ ਆਏ ਵੀਚਾਰਾਂ ਦੀ ਕਦਰ ਕਰਾਂਗੇ। ਵਿਦਵਾਨ ਦੇ ਕੀਮਤੀ ਵਿਚਾਰ ਲੇਖਕ ਦੀ ਕਲਮ ਨੂੰ ਸੇਧ ਦੇਣ ਵਿੱਚ ਸਹਾਈ ਹੋਣਗੇ।

ਅਖੀਰ ਤੇ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਉਸਤਾਦ ਸੁਰਜੀਤ ਸਿੰਘ ਜੀ ਨੂੰ ਤੰਦਰੁਸਤੀ ਅਤੇ ਹੋਰ ਉਦਮ ਪ੍ਰਦਾਨ ਕਰਨ ਤਾਂ ਕਿ ਏਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਸੇਵਾ ਕਰਦੇ ਰਹਿਣ।

# दीपक और प्रकाश

**डा. जागीर सिंह**

422, सैक्टर 15-ए, चण्डीगड़

मैं जब भी कुछ लिखना शुरु करता हूं तो सोचता हूं कि मैं किनके लिये लिख रहा हूं। जो बातें मैं लिखना चाहता हूं उनको तो बहुत लोग पहले से ही जानते हैं। अहमद फराज़ का ये शेयर भी याद आता है:

*तेरे होते हुए महफिल में जलाते हैं चराग।*

*लोग क्या सादा हैं सूरज को दिखाते हैं चिराग।*

पर फिर सोचता हू कि शायद कोई तो ऐसा होगा जिसे मेरी बातें पढ़ कर कुछ लाभ मिलता होगा। हिन्दी के कवि दुष्यत कुमार ने ये भी तो लिखा है:

*कहां तो तय था चरागां हरेक घर के लिये।*

*कहां चराग मयसर नही शहर के लिये।*

मुझे याद आता है कि अपने गांव मे जब हम लालटेन जलाते थे तो उसे घर की दहलीज़ में टांगते थे। इससे घर के अंदर और बाहर आंगन में भी प्रकाश रहता था। मुझे अपने गांव की पुरानी गलियो के मोड़ो पर लगे कुछ आले से भी याद हैं। बजुरग बताते थे कि यहां रात को जिससे गली के दिये जलाये जाते थे जिससे गली के दोनों ओर प्रकाश रहता था ओर रात को भी किसी पथिक को तकलीफ न हो।

ये, पुस्तकें और पत्रिकायें इसी लिये प्रकाशित होती हैं कि ज्यादा से ज्यादा लोग इनसे ज्ञान-प्रकाश प्राप्त कर सकें। कुछ दिन पहले पढ़ी दो घटनाए आपके साथ बांटना चाहता हूं।

रामनुज हिन्दू धर्म के बहुत बड़े प्रचारक हुए हैं। ये रामानुज ही रामानंद जी के गुरु थे और रामानंद जी भक्त कबीर और भक्त रविदास जी के गुरु थे।

तो -रामानुज अपने गुरु की बहुत सेवा करते थे। गुरु ने रामानुज से खुश हो कर एक मंत्र दिया और कहा, 'इस मंत्र का रोज़ जाप किया करो तो स्वर्ग की प्रप्ति होगी। पर यह मंत्र और लोगों को नही बताना। अगर बताया तो नर्क में जाओगे।' रामानुज वही मे दौड़ता हुआ एक मंदिर में पहुंचा और बहुत से लोगों को इक्कठा किया। उसने वो मंत्र सब को बता दिया। जब गुरु को पता चला तो वह बहुत नाराज़ हुए। उन्होने रामानंद से कहा, 'ये, तुमने क्या किया? अब तो तुम नर्क में जाओगे।' रामानुज ने कहा, 'गुरु जी मैं अकेला ही नर्क में जाउंगा तो कोई बात नही। ये इतने लोग तो स्वॅग में चले जायेंगे।'

एक और घटना है जो रोमन इतहास से सम्बधित है। एक जंग में बहादुर सेनापति रैगुलस को करथेज में बंदी बनाकर मौत की सजा सुना दी गई। कारथेजी शसक इस सेनापति की इस स्थति से फायदा उठाना चाहते थे। वह अपनी शर्तो पर रोम के साथ संधि करना चाहते थे। रोम से संधि की शर्तो को मनवाने के लिये उस जरनैल को भेजा और कहा कि अगर इन शर्तो पर संधि हो गई तो उसको मुक्त कर दिया जायगा। रैगुलस रोम गया। पर वह अपनी जान बचाने के लिये नही बल्कि रोमन सलतनत का सम्मान बढ़ाने के लिये। उसने रोम की सैनेट में भाषण दिया। संधि की शर्तो बताई और कहा कि इनं अपमान जनक शर्तो पर कभी भी समझौता नही करना चाहिये। जब रैगुलस वापस जाने लगा तो रोम निवासियों ने उसे रोकना चाहा पर उसने कहा कि क्योकि समझौता नही हुआ इसलिये मुझे अपने वायदे के अनुसार वापस जाना चाहिये। मैं रोम की शानदार रवायतों का प्रतीक हूं। रोमन कभी भी अपने वचन से नहीं मुकरता। रोम की शान के लिये मेरा वापिस जाना जरुरी है क्योकि मुक्षे ज़िंदगी से अधिक अपना वायदा प्यारा है। रैगुलस वापस गया और उसे मौत के घाट उतार दिया गया।

क्या हम इन दीपकों के प्रकाश में अपना जीवन जीने की कोशिश करेंगे।

# TYING THE DIVINE KNOT

**Vidya Shivadas**

Madan Gopal Singh with his long flowing beard and calm countenance looks every bit the Sufi singer that he is. But then that's not all, Singh is composer, academician, linguist and film critic all rolled into one. Fast becoming one of Delhi's most popular Punjabi Sufi musicians, Singh however refuses to call himself a professional preformer. "I have never got formal training in music. And even though I perform on stage, I never charge for my concerts."

Singh's sources of inspiration are varied; there is Kumar Gandharv's and Mallikarjun Mansur's soul-wringing Hindustani music, the music of Gurbani Kirtan and Persian poetry from 12th centrury onwards. "And then there is the ethos of where I come from," he adds.

Singh's father Harabajan Singh, one of the biggest names in Punjabi literature, was on such force. An untrained but enormously gifted musicain like his son, Singh senior was the one who got his son interested in music by making him repeat all the Saigal songs after him.

Says Singh, "Our Amritsar house was an adda, where all the writers would sit together and talk about music and literature. They would spend the entire time discussing Plato and Aristotle. At that time there was a pen brand by the name of Plato and I couldn't for the world understand why these grown-up men spent the day talking about a pen. "Singh's father wanted him to become a Sankritist and hired a shastri to teach him at home. But eventually Singh got himself a degree in English from the Delhi University and went on to do a Ph.D on film theory.

Of Sufi muaicians, the first one he heard was Nusrat Fateh Ali Khan's father. "Whenever I was in Amritsar, I would listen to Nusrat's father on Radio Pakistan." But his favourite singer is Pakistani musician Tufail Niazi, who lived in Kapurthala before the Partition and sang Gurbani in Gurudwaras before leaving for Lahore. "There was a time when some of the best Gurbani singers were Muslims. Unfortunately that is not the case anymore. When my friend and theatre activist Safdar Hashmi went to Lahore in 70s, he bought me tapes of Tufail, I have been smitted by his voice ever since."

Singh considers his music as a slight deviation from mainstream Punjabi Sufi music, "I am textually finicky, which I regret to say most Sufi musicians aren't. I have done years of research on each of these poets from the 12th century onwards and so I stay as close to the original as possible. There is a tradition of what is called tying a knot in Sufi music, where you bring in references from outside and merge it with the text. But I feel that some musicians take undue advantage of that. Like the other day I heard a musician who claimed he was singing Shah

Husain but sang only a line from his original poem."

The other thing that Singh has improvised with is the beat patterns. "In the Punjabi Ang there are very rigorous fast taans. I like to follow the beat patterns but without being overwhelmed by them." Singh's music is all about slow, gentle enunciation.

Singh has also been composing music for films. Mani Kaul and Kumar Sahani are two filmmakers for whom he has regularly written music. And his latest project is for a film on partition, by a fimmaker whose name he won't reveal.

"What I like about writing music is the fact that I have so much to look at. For example, recently I was asked to write a rain song and I found myself looking at two poems, one from the Rig Veda and the other by a 20th century Punjabi poet. This is the kind of progressive ecleticism I like."

One stereotype about Sufi music, that irritates Singh no end, is the notion that when people get into a trance with the music, they begin to dance wildly: "I have always come across musicians who sing with great passion but their body is absolutely still. And that is the state of trance I identify with."

Of the Sufi poets, Singh, unlike other singers, doesn't rate Bulle Shah too highly. "I have translated a lot of his works, so I have had the chance to look at his poems closely. What I don't like about Bulle Shah is the fact that he talks about the dissolution of ego but only projects himself more through his poems and that makes his poetry aggressive. But then that is only my own understanding of him."

And what saddens him about the sudden revival of Sufi music is the fact that so much trash is being sold in its name. "In India and Pakistan, to which I travelled recently, there are so many talented young singers who unfortunately consider *Afreen Afreen* (Nusrat Fateh Ali Khan's composition) as the ultimate song and Javed Akhtar as the ultimate lyricist," he says.

Singh however is reluctant about cutting CDs or albums of his own music."Sufi music speaks from the margins and I don't want it to get cannibalised." But what if it gets erased from our history and our lives completely? Singh doesn't think that will happen. "The voices of the margin always find ways to protect themselves."

*Courtesy:* The Indian Express

**ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ (ਰਜਿ.) ਨਵੀਂ ਦਿੱਲੀ**

ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਿਲ (ਰਜਿ.) ਨਵੀਂ ਦਿੱਲੀ ਦੇ ਪ੍ਰਾਜੈਕਟ, ਮਾਤਾ ਗੁਜਰੀ ਸੁਖ ਨਿਵਾਸ. ਪਿੰਡ ਖਾਨਪੁਰ, ਖਰੜ੍ਹ ਵਿੱਚ ਬੱਚਿਆਂ ਦੀ ਦੇਖਭਾਲ ਲਈ ਸੇਵਾ ਭਾਵ ਵਾਲੀਆਂ, ਬੰਧਨ ਮੁਕਤ, ਬੀਬੀਆਂ ਦੀਆਂ ਸੇਵਾਵਾਂ ਦੀ ਲੋੜ ਹੈ। ਦਸਵੀਂ ਜਾਂ ਬਾਰਵੀਂ ਜਾਂ ਉਸ ਤੋਂ ਵਧ ਪੜ੍ਹੀਆਂ ਬੀਬੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਖਰੜ੍ਹ ਜਾਂ ਉਸ ਦੇ ਆਸ ਪਾਸ ਰਹਿੰਦੇ ਇਲਾਕਿਆਂ ਤੋਂ ਪਾਰਟ ਟਾਈਮ ਸੇਵਾ ਭਾਵ ਵਾਲੇ ਅਧਿਆਪਕਾਂ ਦੀ ਵੀ ਲੋੜ ਹੈ ਤਾਂ ਜੋ ਮਾਤਾ ਗੁਜਰੀ ਸੁਖ ਨਿਵਾਸ ਵਿੱਚ ਰਹਿ ਰਹੇ ਬਿਨਾਂ ਮਾਤਾ. ਪਿਤਾ ਜਾਂ ਲੋੜਵੰਦ ਵਿਧਵਾ ਭੈਣਾਂ ਦੇ ਬੱਚਿਆਂ ਦੇ ਨਾਲ ਨਾਲ ਆਸ ਪਾਸ ਦੇ ਪਿੰਡਾਂ ਦੇ ਬੱਚਿਆਂ ਦੀ ਪੜ੍ਹਾਈ. ਲਿਖਾਈ ਨੂੰ ਮਜਬੂਤ ਕੀਤਾ ਜਾ ਸਕੇ। ਅਰਜੀਆਂ ਕੌਂਸਿਲ ਦੇ ਦਫਤਰ ਨਿਸ਼ਕਾਮ ਭਵਨ, ਬੀ ਬਲਾਕ, ਤਿਲਕ ਵਿਹਾਰ, ਨਵੀਂ ਦਿੱਲੀ 110 018 ਜਲਦੀ ਤੋਂ ਜਲਦੀ ਭੇਜੀਆਂ ਜਾਣ।

# ਸੁਰ ਲਿਪੀ

## ਰਾਗ ਕਾਨੜਾ

ਕਿਹਾ ਜਾਂਦਾ ਹੈ ਕਿ ਪੜਛੱਤੀ ਤੇ ਪਏ ਹੋਏ ਬਰਤਨ, ਜੇ ਅਚਾਨਕ ਫ਼ਰਸ ਤੇ ਡਿੱਗ ਪੈਣ ਤਾਂ ਜੋ ਆਵਾਜ਼ਾਂ ਅਤੇ ਗੂਜਾਂ ਪੈਂਦੀਆਂ ਹਨ, ਅਤੇ ਬੜੀ ਦੇਰ ਤਕ ਗੂੰਜਦੀਆਂ ਰਹਿੰਦੀਆਂ ਹਨ, ਉਹੋ ਕਾਨੜਾ ਹੈ। ਇਸੇ ਤਰ੍ਹਾਂ ਇਸ ਰਾਗ ਦੇ ਸ਼ਬਦਾਂ ਵਿੱਚ, ਦੇਖਿਆ ਜਾ ਸਕਦਾ ਹੈ। ਲੰਮੀ ਗੂੰਜ ਨੂੰ ਪੈਦਾ ਕਰਨ ਲਈ ਬਹੁਤੇ ਸ਼ਬਦਾਂ ਦੀ ਤੁਕਾਂ ਦੇ ਅਖੀਰ ਵਿੱਚ ਤੇਨ, ਪਵੇਨ, ਪੇਨ, ਕੇਨ, ਤਾਕ ਰੰਗੀਤ, ਕਟੀਤ, ਪ੍ਰੀਤ, ਜਪੀਸ ਆਦਿਕ ਸ਼ਬਦਾਂ ਦੀ ਹੇਕ ਆਉਂਦੀ ਹੈ।

ਭਾਰਤੀ ਸੰਗੀਤ ਦੇ ਲੋਕ ਪ੍ਰਿਅ ਰਾਗਾਂ ਦੇ ਵਰਗ ਵਿੱਚੋਂ, ਕਾਨੜਾ, ਇੱਕ ਅਤਿਅੰਤ ਲੋਕ ਪ੍ਰਿਅ, ਅਤੇ ਮਨੋਹਰ ਰਾਗ ਹੈ। ਇਹ ਇਤਨਾ ਪ੍ਰਸਿੱਧ ਹੈ, ਕਿ ਸੰਗੀਤ ਦਾ ਅਲਪ ਬੋਧ ਰੱਖਣ ਵਾਲੇ, ਸਾਧਾਰਣ ਸ੍ਰੋਤੇ ਵੀ, ਇਸ ਨੂੰ ਸੌਖੀ ਤਰ੍ਹਾ ਪਛਾਣ ਲੈਂਦੇ ਹਨ। ਇਹ ਰਾਗ ਜਿਤਨਾ ਪ੍ਰਸਿੱਧ ਅਤੇ ਮਨੋਰੰਜਕ ਹੈ, ਉਤਨਾ ਕਠਿਨ ਵੀ ਹੈ। ਮੱਧਕਾਲ ਵਿੱਚ, ਇਹ ਰਾਗ ਕੇਵਲ ਰਾਜ ਦਰਬਾਰਾਂ ਦੀ ਹੀ ਸ਼ਾਨ ਨਹੀਂ ਸੀ ਸਗੋਂ ਸੰਤ ਗਾਇਕਾਂ ਅਤੇ ਭਗਤਾਂ ਤੋਂ ਲੈ ਕੇ ਜਨ ਸਾਧਾਰਣ ਵਿੱਚ ਵੀ ਆਮ ਪ੍ਰਚਲਿਤ ਸੀ।

ਅਰੋਹ : ਸ ਰੇ ਗੁ, ਮ ਪ, ਨੀ ਸਂ। **ਅਵਰੋਹ** : ਸਂ, ਨ਼ੀ ਪ, ਮ ਪ, ਗੁ ਮ ਰੇ ਸ।

ਜਾਤੀ : ਸ਼ਾਡਵ-ਸ਼ਾਡਵ **ਵਾਦੀ** : 'ਪ' **ਸੰਵਾਦੀ** : 'ਸ' **ਸਮਾਂ** : ਰਾਤ ਦਾ ਦੂਸਰਾ ਪਹਿਰ

ਸੁਰ : 'ਗ' ਕੋਮਲ, ਦੋਨੋ ਨੀਸ਼ਾਦ, ਬਾਕੀ ਸ਼ੁੱਧ ਧੈਵਤ ਵਰਜਿਤ

ਮੁਖ ਅੰਗ : ਸ ਰੇ ਗੁ, ਮ ਰੇ, ਸ, ਰੇ ਨ਼ੀ ਸ, ਰੇ ਪ ਗੁ, ਮ ਰੇ ਸ।

ਸੁਰ ਵਿਸਥਾਰ: ਸ ਰੇ ਗੁ, ਮ, ਰੇ ਸ, ਮ ਮ ਪ, ਨੁ਼ੀ ਪ, ਗੁ ਮ ਰੇ ਸ।
ਸ ਰੇ ਪ, ਮ ਪ ਨੁ਼ੀ ਪ, ਨੀ ਰੇਂ ਸਂ ਨੁ਼ੀ ਪ, ਮ ਪ ਸਂ ਨੁ਼ੀ ਪ,
ਮ ਪ ਗੁ ਮ ਰੇ ਸ, ਰੇ ਗੁ, ਮ, ਰੇ ਸ।
ਮ ਪ ਨੁ਼ੀ ਪ, ਨੀ ਸਂ, ਮ ਮ ਪ ਸਂ, ਨੁ਼ੀ ਪ, ਮ ਪ ਨੀ ਸਂ,
ਰੇ ਗੁਂ ਮਂ ਰੇ ਸਂ, ਨੀ ਸਂ ਨੁ਼ੀ ਪ, ਮ ਪ, ਗੁ, ਗੁ ਮ ਰੇ ਸ।

**ਪੰਜਾਬੀ ਤਾਲ (ਛੋਟਾ ਤਿੰਨਤਾਲ)**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | ਸ | ਸ | ਰੇ | ਰੇ | - | ਗੁ | ਮ | ਰੇ | - | ਸ |
| | | | | | | ਜ | ਪਿ | ਮ | ਨ | ऽ | ਗੋ | ऽ | ਬਿੰ | ऽ | ਦ |
| ਰੇ | - | ਸ | - | - | - | ਸ | ਸ | ਸ | ਸ | - | ਨ਼ੀ | ਸ | ਰੇ | - | ਸ |
| ਮਾ | ऽ | ਧੋ | ऽ | ऽ | ऽ | ਹ | ਰਿ | ਹ | ਰਿ | ऽ | ਅ | ਗੰ | ਮ | ऽ | ਅ |
| ਧ਼ | - | ਨ਼ੀ | ਪ਼ | - | - | ਸ | ਰੇ | ਗੁ | ਗੁ | ਗੁ | ਮ | ਮ | ਪ | - | ਮ |
| ਗਾ | ऽ | ਧੋ | ऽ | ऽ | ऽ | ਮ | ਤਿ | ਗੁਰ | ਮ | ਤਿ | ਹ | ਰਿ | ਪ੍ਰ | ऽ | ਭ |
| ਪ | - | ਪ | - | - | - | - | ਪ | ਰੇਂ | ਰੇਂ | ਸਂਸਂ | -ਸਂ | ਸਂ- | ਸਂ- | ਨ਼ੀਂਸ | ਰੇਸਂ |
| ਲਾ | ऽ | ਧੋ | ऽ | ऽ | ऽ | ऽ | ਧੁਰਿ | ਹੋ | ਹੋ | ਲਿਖੇ | ऽਲਿ | ਲਾऽ | ਧੋऽ | ਲਿਖੇ | ऽਲਿ |
| ਧੁਨ਼ੀ | ਪ | ਮਪ | ਨ਼ੀਪ | ਗੁਮ | ਰੇਸ | | | | | | | | | | |
| ਲਾऽ | ਧੋ | ਲਿਖੇ | ऽਲਿ | ਲਾऽ | ਧੋऽ | | | | | | | | | | |

### ਅੰਤਰਾ - ਤਾਲ ਆੜਾ ਚੌਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| X | | 2 | | 0 | | 3 | | 0 | | 4 | | 0 | |
| ਮ | ਪ | ਧ॒ | ਧ॒ | ਨੀ॒ | ਨੀ॒ | ਸਂ | ਸਂ | ਸਂ | ਸਂ | ਰੇਂ | ਨੀ॒ | ਸਂ | - |
| ਬਿ | ਖ | ਮਾ | ਇਆ | ਸੰ | ਚਿ | ਬਹੁ | ਚਿ | ਤੈ | ਬਿ | ਕਾ | ऽ | ਰ | ऽ |
| ਪ | ਰੇਂ | ਸਂ | ਰੇਂ | ਸਂ | ਰੇਂ | ਗ॒ਂ | ਮਂ | ਰੇਂ | ਸਂ | ਨੀ॒ਸਂ | ਰੇਂਸਂ | ਧ॒ਨੀ॒ | ਪ |
| ਸੁ | ਖ | ਪਾਈ | ਐ | ਹਰਿ | ਭਜੁ | ਸੰ | ਤ | ਸੰ | ਤ | ਸੰऽ | ਗऽ | ਤੀऽ | ऽ |
| ਮ | ਪ | ਸਂ | ਸਂ | ਸਂ | ਸਂ | ਨੀ॒ | ਪ | ਮ | ਪ | ਗ॒ | ਮ | ਰੇ | ਸ |
| ਮਿ | ਲਿ | ਸ | ਤਿ | ਗੁ | ਰੂ | ਗੁ | ਰ | ਸਾ | ऽ | ਧੋ | ऽ | ऽ | ऽ |

### ਇਕਤਾਲਾ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| X | | 0 | | 2 | | 0 | | 3 | | 4 | |
| ਮ | ਪ | ਪ | ਧ॒ | ਧ॒ | ਨੀ॒ | ਨੀ॒ | -ਸਂ | ਨੀ॒ | ਸਂ | ਸਂ | ਸਂ |
| ਜਿਉ | ਛੁ | ਹਿ | ਪਾ | ਰਸ | ਮ | ਨੂ | ऽਰ | ਭਏ | ਕੰ | ਚ | ਨ |
| ਰੇਂ | ਨੀ॒ | ਸਂ | ਰੇਂ | ਪਂ | ਪਂ | ਗ॒ਂ | ਮਂ | ਰੇਂ | ਸਂ | ਸਂ | ਸਂ |
| ਤਿਉ | ऽ | ऽ | ਪ | ਤਿ | ਤ | ਜਨ | ਮਿ | ਲਿ | ਸੰ | ਗ | ਤੀ |
| ਰੇ | ਨੀ॒ | ਸ | ਰੇ | ਪ | ਪ | ਗ॒ | ਮ | ਰੇ | ਸ | ਸ | - |
| ਸੁ | ਧ | ਹੋ | ਵਤ | ਗੁ | ਰ | ਮ | ਤੀ | ਸੁਧ | ਹਾ | ਧੋ | ऽ |
| ਪ | ਗ॒ | ਮ | ਰੇ | ਸ | ਸ | ਸ | ਪ | ਗ॒ | ਮ | ਰੇ | ਸ |
| ਗੁਰ | ਮ | ਤੀ | ਸੁਧ | ਹਾ | ਧੋ | ऽ | ਗੁਰ | ਮ | ਤੀ | ਸੁਧ | ਹਾ |
| ਸ | ਸ: | ਸ | ਸ | ਰੇ | ਰੇ | - | ਗ॒ | ਮ | ਰੇ | - | ਸ |
| ਧੋ | ऽ; | ਜ | ਪ | ਮ | ਨ | ऽ | ਗੋ | ऽ | ਬਿੰ | ऽ | ਦ |

(ਮੁੜ ਸਥਾਈ ਵਿੱਚ ਪ੍ਰਵੇਸ਼ ਕਰੋ ਜੀ)

### ਸੂਲਫਾਕ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| X | | 0 | | 2 | | 3 | | 0 | |
| ਮਮ | ਪ | ਧ॒ਧ॒ | ਨੀ॒ਨੀ॒ | ਸਂ | ਨੀ॒ | ਰੇਂ | ਸਂਨੀ॒ | ਸ | ਸਰੇਂ |
| ਜਿਉ | ਕਾ | ਸਟ | ਸੰਗਿ | ਲੋ | ਹਾ | ਬਹੁ | ਤਰ | ਤਾ | ਤਿਉ |
| ਗ॒ਂ | ਮਂ | ਪਂ | ਗ॒ਂਮਂ | ਰੇਂਸਂ | ਨੀ॒ਸਂ | ਰੇਂਸਂ | ਨੀ॒ਸਂ | ਧ॒ਨੀ॒ | ਪਮ |
| ਪਾ | ਪੀ | ਸੰਗਿ | ਤऽ | ਰੇऽ | ਸਾऽ | ਧਸਾ | ऽਧ | ਸੰਗ | ਤੀऽ |
| ਪ | ਸਂ | ਧ॒ | ਨੀ॒ | ਪ | ਮ | ਪਨੀ॒ | ਗ॒ਮ | ਰੇਸ | ਸਰੇ |
| ਗੁ | ਰ | ਸ | ਤਿ | ਗੁ | ਰੂ | ਗੁਰ | ਸਾऽ | ਧੋऽ | ਚਾऽ |

**ਫਈਆ (ਫਾਈਤਾਲ)**

| 1 | 2 | 3 | 4 | 5 | 6 | 7 |
|---|---|---|---|---|---|---|
| 0 | | | 1 | | 2 | |
| ਗੁ- | -ਮ | ਪਮ | ਪ | ਪ | ਪ | ਪ |
| ਰਿऽ | ऽਬ | ਰਨ | ਚਾ | ਰਿ | ਆ | ਸੁਮ |
| ਪ | ਰੇਂ | ਰੇਂ | ਰੇਂ | - | ਸਂ | ਸਂ |
| ਹੈ | ऽ | ऽ | ਕੋ | ऽ | ਈ | ਮਿ |
| ਨੀ | ਸਂ | ਰੇਂ | ਧੁ | ਨੀ | ਪ | ਪ |
| ਲੈ | ऽ | ਗੁ | ਰੂ | ऽ | ਗੁ | ਰ |
| ਮ | ਮ | ਮ | ਪ | ਪ | ਸਂ | ਸਂ |
| ਨਾ | ਨ | ਕ | ਸੋ | ऽ | ਆ | ਪਿ |
| ਗੁ | ਗੁ | ਮਮ | ਰੇ | ਰੇ | ਸ | ਸ |
| ਤ | ਰੈ | ਕੁਲ | ਸ | ਗ | ਲ | ਤ |

| | |
|---|---|
| ਰੇ - ਸ - | - - |
| ਗਾ ऽ ਧੋ ऽ | ऽ ऽ |


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955


## ਗੁਰਮੁਖ ਢੂਢ ਢੂਢੇਦਿਆਂ ( Free Matrimonial Service )

**WANTED** Gursikh, educated professional match with strong family values for a USA settled boy 27, clean shaven, 5'-9", fair complexioned, slim, trim, having a high profile job with Governor/Secretary of State of New Jersey.

**Contact :** Mr. D.S. Arora, **Phone : 0172-612412**

**SUITABLE** match for Amritdhari Sikh Girl (25 yrs., 5'-1"), fair, complexion & attractive personality. B.A., three years diploma in Interior decoration & one year diploma in house keeping. Presently she is doing PGDCA. Father is working in the Ministry of Defence.

**Contact** : Dr. S.S. Sachdeva , # 2603, Sector: 22-C, Chandigarh Ph: 0172-777458

**SUITABLE** match for Sikh Divorcee (24 yrs., 5'-5"), having baby girl 1.5 year. Has completed +2 & teacher training course for nursery.

**Contact :** S. Narinder Singh Salooja, # 3011, Nawa Mohalla, Ambala Cantt. Phone : 644196

**ਇੱਕ ਰਾਗੀ ਸਿੰਘ**, ਉਮਰ 36-37 ਸਾਲ, ਆਪਣਾ ਮਿਊਜ਼ਿਕ ਕਾਲਜ ਚਲਾ ਰਿਹਾ ਹੈ ਲਈ, ਇੱਕ ਇਸਤਰੀ ਦੀ ਲੋੜ ਹੈ। ਤਲਾਕਸ਼ੁਦਾ ਇਸਤਰੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

**ਐਡਰੇਸ** : ਐਸ. ਐਸ. ਅਰੋੜਾ c/o ਮਸਤਾਨਾ ਮਿਊਜ਼ਿਕ ਅਕੈਡਮੀ, ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| ਕਾਨੜਾ ਮਹਲਾ ੪॥ | **Kanra 4th Guru.** | ਕਾਨੜਾ ਚੌਥੀ ਪਾਤਸ਼ਾਹੀ। |
|---|---|---|
| ਜਪਿ ਮਨ ਗੋਬਿਦ ਮਾਧੋ॥ | O my soul, meditate thou the Master of the world and the Lord of wealth. | ਹੇ ਮੇਰੀ ਜਿੰਦੜੀਏ! ਤੂੰ ਜਗਤ ਦੇ ਮਾਲਕ ਅਤੇ ਧਨ-ਦੌਲਤ ਦੇ ਸੁਆਮੀ ਦਾ ਸਿਮਰਨ ਕਰ। |
| ਹਰਿ ਹਰਿ ਅਗਮ ਅਗਾਧੋ॥ | Inaccessible and Inapprehensible is my Lord Master. | ਪਹੁੰਚ ਤੋਂ ਪਰੇ ਅਤੇ ਸੋਚ ਸਮਝ ਤੋਂ ਉਚੇਰਾ ਹੈ ਮੇਰਾ ਸੁਆਮੀ ਮਾਲਕ। |
| ਮਤਿ ਗੁਰਮਤਿ ਹਰਿ ਪ੍ਰਭੁ ਲਾਧੋ॥ ਧੁਰਿ ਹੋ ਹੋ ਲਿਖੇ ਲਿਲਾਧੋ॥੧॥ | O my mind, attain thou unto thy God Lord through the Guru's instruction, if thou hast such a predestined writ on thy forhead. | ਹੇ ਮੇਰੇ ਮਨ! ਤੂੰ ਗੁਰਾਂ ਦੇ ਉਪਦੇਸ਼ ਰਾਹੀਂ ਆਪਣੇ ਵਾਹਿਗੁਰੂ ਸੁਆਮੀ ਨੂੰ ਪਰਾਪਤ ਹੋ, ਜੇਕਰ ਤੇਰੇ ਮੱਥੇ ਉੱਤੇ ਮੁਢ ਦੀ ਲਿਖੀ ਹੋਈ ਐਸੀ ਲਿਖਤਕਾਰ ਹੈ। |
| ਰਹਾਉ॥ | Pause. | ਠਹਿਰਾਉ। |
| ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ ਸੁਖੁ ਪਾਈਐ ਹਰਿ ਭਜੁ ਸੰਤ ਸੰਤ ਸੰਗਤੀ ਮਿਲਿ ਸਤਿਗੁਰੂ ਗੁਰੁ ਸਾਧੋ॥ | Amassing the poisonous wealth, man thinks of many evils. He can obtain peace only by contemplating his God, meeting with the saints, the saints society and the great saintly True Guru. | ਜ਼ਹਿਰੀਲੀ ਧਨ-ਦੌਲਤ ਇਕੱਤਰ ਕਰ, ਇਨਸਾਨ ਬਹੁਤਿਆਂ ਬਦੀਆਂ ਸੋਚਦਾ ਹੈ। ਕੇਵਲ ਸਾਧੂਆਂ ਦੀ ਸਾਧ ਸੰਗਤ ਅਤੇ ਵਡੇ ਸਾਧ ਸਰੂਪ ਸੱਚੇ ਗੁਰਾਂ ਨਾਲ ਮਿਲ ਕੇ ਆਪਣੇ ਵਾਹਿਗੁਰੂ ਦਾ ਆਰਾਧਨ ਕਰਨ ਦੁਆਰਾ ਹੀ ਉਹ ਆਰਾਮ ਪਾ ਸਕਦਾ ਹੈ। |
| ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ॥੧॥ | As iron dross, touching the philosopher's stone is transmuted into gold, similarly a sinful person, blessed with the Guru's instruction in the society of the saints becomes blotless and is rendered immaculate. | ਜਿਸ ਤਰ੍ਹਾਂ ਮਲੀਣ ਲੋਹਾ, ਅਮੋਲਕ ਪੱਥਰ ਨਾਲ ਲਗ ਸੋਨਾ ਹੋ ਜਾਂਦਾ ਹੈ, ਏਸੇ ਤਰ੍ਹਾਂ ਹੀ ਇੱਕ ਪਾਪੀ ਪੁਰਸ਼, ਸਤਿਸੰਗਤ ਅੰਦਰ ਗੁਰਾਂ ਦੇ ਉਪਦੇਸ਼ ਨੂੰ ਪਰਾਪਤ ਹੋ ਬੇਦਾਗ ਹੋ ਜਾਂਦਾ ਹੈ ਅਤੇ ਪਾਵਨ ਪਵਿੱਤਰ ਥੀ ਵੰਞਦਾ ਹੈ। |
| ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ॥ | As with a wooden bark, abundant iron is ferried across, so are the sinners ferried across by the saints, saints congregation and the great, grand and saintly True Guru. | ਜਿਸ ਤਰ੍ਹਾਂ ਲਕੜ ਦੀ ਬੇੜੀ ਨਾਲ, ਬਹੁਤਾ ਲੋਹਾ ਪਾਰ ਉਤਰ ਜਾਂਦਾ ਹੈ, ਏਸੇ ਤਰ੍ਹਾਂ ਹੀ ਸੰਤ ਸਤਿਸੰਗਤ ਅਤੇ ਵਡੇ ਵਿਸ਼ਾਲ ਅਤੇ ਸੰਤ ਸਰੂਪ ਸਚੇ ਗੁਰੂ ਜੀ ਪਾਂਬਰਾਂ ਨੂੰ ਪਾਰ ਕਰ ਦਿੰਦੇ ਹਨ। |
| ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥੨॥੫॥੧੧॥ | There are four castes, viz literates, warriors, peasants and menials and four institutions viz celibacy, family life, forest life and renunciation. Whosoever out of these meets with the Great Guru Nanak; he saves himself and saves all his generations as well. | ਚਾਰ ਜਾਤਾਂ ਹਨ, ਜ਼ਾਹਰਨ-ਬ੍ਰਹਮਣ, ਖੱਤ੍ਰੀ, ਵੈਸ਼ ਅਤੇ ਸੂਦਰ ਅਤੇ ਚਾਰ ਹੀ ਸੰਪ੍ਰਦਾਵਾਂ, ਜ਼ਾਹਰਨ-ਬ੍ਰਹਮਚਰਜ, ਗ੍ਰਿਹਸਥ, ਬਾਨ ਪ੍ਰਸਤੀ ਅਤੇ ਸੰਨਿਆਸ! ਜੋ ਕੋਈ ਭੀ ਇਨ੍ਹਾਂ ਵਿੱਚੋਂ ਵਿਸ਼ਾਲ ਗੁਰੂ ਨਾਨਕ ਦੇਵ ਜੀ ਨੂੰ ਮਿਲ ਪੈਂਦਾ ਹੈ; ਉਹ ਖੁਦ ਤਰ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਪੀੜ੍ਹੀਆਂ ਨੂੰ ਭੀ ਤਾਰ ਲੈਂਦਾ ਹੈ। |